ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 110
ਫ਼ੋਨ: +91- 92168-07500
E-mail: news@charhdikala.com
www.charhdikala.com

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ ***

DAILY CHARHDIKALA, PATIALA

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Wednesday, 22 April, 2026) ਬੁੱਧਵਾਰ, 22 ਅਪ੍ਰੈਲ, 2026, 9 ਵੈਸਾਖ, ਨਾਨਕਸ਼ਾਹੀ ਸੰਮਤ 558, ਬਿਕ੍ਰਮੀ 2083/ PRGI (RNI) Regd. No. 22972/1972/ ਮੁੱਲ: 2 ਰੁਪਏ

## ਮਨੀਪੁਰ 'ਚ ਲੱਗੇ 5.2 ਦੀ ਤੀਬਰਤਾ ਵਾਲੇ ਭੂਚਾਲ ਦੇ ਝਟਕੇ

ਨਵੀਂ ਦਿੱਲੀ, 21 ਅਪ੍ਰੈਲ (ਚ.ਨ.ਸ.):ਮੰਗਲਵਾਰ ਸਵੇਰੇ ਮਨੀਪੁਰ ਦੇ ਕਈ ਹਿੱਸਿਆਂ ਵਿੱਚ ਭੂਚਾਲ ਦੇ ਤੇਜ਼ ਝਟਕੇ ਮਹਿਸੂਸ ਕੀਤੇ ਗਏ। ਭੂਚਾਲ ਦਾ ਕੇਂਦਰ ਮਨੀਪੁਰ ਦੇ ਕਾਮਜੋਂਗ ਜ਼ਿਲ੍ਹੇ ਵਿੱਚ ਸਥਿਤ ਸੀ। ਇਸ ਦੀ ਤੀਬਰਤਾ ਰਿਕਟਰ ਪੈਮਾਨੇ 'ਤੇ 5.2 ਦਰਜ ਕੀਤੀ ਗਈ। ਨੈਸ਼ਨਲ ਸੈਂਟਰ ਫਾਰ ਸੀਸਮੌਲੋਜੀ ਦੇ ਅਨੁਸਾਰ ਭੂਚਾਲ ਸਵੇਰੇ 5:59 ਵਜੇ ਆਇਆ। ਇਸ ਨਾਲ ਕਾਮਜੋਂਗ ਅਤੇ ਇਸ ਦੇ ਆਸ ਪਾਸ ਦੇ ਇਲਾਕਿਆਂ ਵਿੱਚ ਰਹਿਣ ਵਾਲੇ ਵਸਨੀਕਾਂ ਵਿੱਚ ਦਹਿਸ਼ਤ ਫੈਲ ਗਈ। ਭੂਚਾਲ ਦੇ ਝਟਕੇ ਮਹਿਸੂਸ ਹੁੰਦੇ ਹੀ ਲੋਕ ਆਪਣੇ ਘਰਾਂ ਤੋਂ ਬਾਹਰ (ਬਾਕੀ ਸਫਾ 2 'ਤੇ)

## ਮੋਦੀ ਖ਼ਿਲਾਫ਼ 18 ਅਪ੍ਰੈਲ ਦੇ ਭਾਸ਼ਣ ਸਬੰਧੀ ਵਿਸ਼ੇਸ਼ ਅਧਿਕਾਰ ਮਤਾ ਪੇਸ਼

### ਕਾਂਗਰਸ ਨੇ ਲਗਾਏ ਤਾਕਤ ਦੀ ਦੁਰਵਰਤੋਂ ਦੇ ਦੋਸ਼



ਚੜ੍ਹਦੀਕਲਾ ਬਿਊਰੋ

ਨਵੀਂ ਦਿੱਲੀ, 21 ਅਪ੍ਰੈਲ :ਪ੍ਰਧਾਨ ਮੰਤਰੀ ਦੇ 18 ਅਪ੍ਰੈਲ ਨੂੰ ਕੌਮ ਦੇ ਨਾਂ ਦਿੱਤੇ ਗਏ ਟੈਲੀਵਿਜ਼ਨ ਸੰਬੋਧਨ ਨੂੰ ਲੈ ਕੇ ਉਨ੍ਹਾਂ ਵਿਰੁੱਧ ਇੱਕ ਵਿਸ਼ੇਸ਼ ਅਧਿਕਾਰ ਮਤਾ ਪੇਸ਼ ਕੀਤਾ ਗਿਆ ਹੈ। ਕਾਂਗਰਸ ਦੇ ਸੀਨੀਅਰ ਆਗੂ ਅਤੇ ਲੋਕ ਸਭਾ ਮੈਂਬਰ ਕੇ.ਸੀ. ਵੇਣੂਗੋਪਾਲ ਨੇ ਦੋਸ਼ ਲਾਇਆ ਹੈ ਕਿ ਭਾਸ਼ਣ ਦੌਰਾਨ ਕੀਤੀਆਂ ਗਈਆਂ ਟਿੱਪਣੀਆਂ ਸੰਸਦ ਮੈਂਬਰਾਂ ਦੇ ਇਰਾਦਿਆਂ 'ਤੇ ਸਵਾਲ ਚੁੱਕਣ ਅਤੇ ਸੰਸਦੀ ਵਿਸ਼ੇਸ਼ ਅਧਿਕਾਰਾਂ ਨੂੰ ਕਮਜ਼ੋਰ ਕਰਨ ਦੇ ਬਰਾਬਰ ਹਨ।

ਲੋਕ ਸਭਾ ਸਪੀਕਰ ਨੂੰ ਮੰਗਲਵਾਰ ਨੂੰ ਸੌਂਪੇ ਗਏ ਇੱਕ ਵਿਸਤ੍ਰਿਤ ਨੋਟਿਸ ਵਿੱਚ, ਵੇਣੂਗੋਪਾਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਦਾ ਇਹ ਸੰਬੋਧਨ ਸਥਾਪਿਤ ਪਰੰਪਰਾਵਾਂ ਦੇ ਉਲਟ ਸੀ। ਇਹ ਸੰਬੋਧਨ ਉਦੋਂ ਦਿੱਤਾ ਗਿਆ ਜਦੋਂ ਸੰਵਿਧਾਨ (131ਵੀਂ ਸੋਧ) ਬਿੱਲ, 2026, ਸਦਨ ਵਿੱਚ ਲੋੜੀਂਦੀ ਬਹੁਮਤ ਹਾਸਲ ਕਰਨ ਵਿੱਚ ਅਸਫਲ ਰਿਹਾ।

ਵੇਣੂਗੋਪਾਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਵਿਰੋਧੀ ਧਿਰ ਦੇ ਮੈਂਬਰਾਂ ਦੇ ਵੋਟਿੰਗ ਤਰੀਕੇ 'ਤੇ ਸਿੱਧੀ ਟਿੱਪਣੀ ਕੀਤੀ ਅਤੇ ਉਨ੍ਹਾਂ ਦੇ ਇਰਾਦਿਆਂ 'ਤੇ ਸਵਾਲ ਚੁੱਕੇ। ਉਨ੍ਹਾਂ ਇਸ ਨੂੰ 'ਵਿਸ਼ੇਸ਼ ਅਧਿਕਾਰਾਂ ਦੀ ਗੰਭੀਰ ਉਲੰਘਣਾ ਅਤੇ ਸਦਨ ਦੀ ਮਾਣਹਾਨੀ' ਕਰਾਰ ਦਿੱਤਾ।

ਨੋਟਿਸ ਵਿੱਚ ਜ਼ੋਰ ਦਿੱਤਾ ਗਿਆ ਕਿ ਕੌਮ ਦੇ ਨਾਂ ਸੰਬੋਧਨ ਕੌਮੀ ਮਹੱਤਵ ਦੇ ਮੁੱਦਿਆਂ ਲਈ ਹੁੰਦਾ ਹੈ, ਨਾ ਕਿ ਸਿਆਸੀ ਆਲੋਚਨਾ ਲਈ। ਉਨ੍ਹਾਂ ਕਿਹਾ ਕਿ ਸੰਸਦ ਵਿੱਚ ਬਹੁਮਤ ਸਾਬਤ ਨਾ ਕਰ ਸਕਣ ਵਾਲੀ ਸਰਕਾਰ ਦੇ ਪ੍ਰਧਾਨ ਮੰਤਰੀ ਵੱਲੋਂ ਵਿਰੋਧੀ ਧਿਰ ਦੀ ਆਲੋਚਨਾ ਕਰਨਾ 'ਤਾਕਤ ਦੀ ਸ਼ਰੇਆਮ ਦੁਰਵਰਤੋਂ' ਹੈ।ਵੇਣੂਗੋਪਾਲ ਨੇ ਸਪੱਸ਼ਟ ਕੀਤਾ ਕਿ ਵਿਰੋਧੀ ਧਿਰ ਨੇ 16 ਅਤੇ 17 ਅਪ੍ਰੈਲ ਨੂੰ ਇਸ ਬਿੱਲ ਦਾ ਵਿਰੋਧ ਇਸ ਦੀਆਂ ਕੁਝ ਵਿਵਸਥਾਵਾਂ (ਖਾਸ ਕਰਕੇ ਹੱਦਬੰਦੀ ਨਾਲ ਸਬੰਧਤ) ਕਾਰਨ ਕੀਤਾ ਸੀ। ਉਨ੍ਹਾਂ ਯਾਦ ਦਿਵਾਇਆ ਕਿ ਵਿਰੋਧੀ ਧਿਰ ਪਹਿਲਾਂ ਹੀ ਮਹਿਲਾ ਰਾਖਵੇਂਕਰਨ (106ਵੀਂ ਸੋਧ ਐਕਟ, 2023) ਦਾ ਸਮਰਥਨ ਕਰ ਚੁੱਕੀ ਹੈ। ਵੇਣੂਗੋਪਾਲ ਨੇ ਸਪੀਕਰ ਨੂੰ ਅਪੀਲ ਕੀਤੀ ਹੈ ਕਿ ਇਸ ਮਾਮਲੇ ਨੂੰ ਤੁਰੰਤ ਗੰਭੀਰਤਾ ਨਾਲ ਲਿਆ ਜਾਵੇ ਅਤੇ ਇਸ ਨੂੰ ਵਿਸ਼ੇਸ਼ ਅਧਿਕਾਰ ਕਮੇਟੀ ਕੋਲ ਜਾਂਚ ਲਈ (ਬਾਕੀ ਸਫਾ 2 'ਤੇ)

### ਮੁੱਖ ਮੰਤਰੀ ਵੱਲੋਂ ਨਿਵੇਸ਼ ਨੂੰ ਉਤਸ਼ਾਹਤ ਕਰਨ ਅਤੇ ਕੌਮਾਂਤਰੀ ਸਹਿਯੋਗ ਲਈ ਆਲਮੀ ਪੱਧਰ 'ਤੇ ਹੰਭਲੇ ਜਾਰੀ

## ਵਿੱਤੀ ਸਹਿਯੋਗ ਨੂੰ ਹੋਰ ਮਜ਼ਬੂਤ ਅਤੇ ਲੋਕਾਂ ਦੇ ਆਪਸੀ ਸੰਪਰਕ ਨੂੰ ਹੁਲਾਰਾ ਦੇਣ ਲਈ ਕਈ ਪ੍ਰੋਗਰਾਮ ਐਲਾਨੇ

ਅੰਮ੍ਰਿਤਪਾਲ ਸਿੰਘ



ਚੰਡੀਗੜ੍ਹ, 21 ਅਪ੍ਰੈਲ : ਨਿਵੇਸ਼ ਨੂੰ ਉਤਸ਼ਾਹਿਤ ਕਰਨ ਅਤੇ ਅੰਤਰਰਾਸ਼ਟਰੀ ਭਾਈਵਾਲੀ ਨੂੰ ਹੋਰ ਹੁਲਾਰਾ ਦੇਣ ਲਈ ਵਿਸ਼ਵ-ਵਿਆਪੀ ਪਹੁੰਚ ਜਾਰੀ ਰੱਖਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਆਰਥਿਕ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਅਤੇ ਲੋਕਾਂ ਦੇ ਆਪਸੀ ਸੰਪਰਕ ਨੂੰ ਉਤਸ਼ਾਹਿਤ ਕਰਨ ਲਈ ਹੰਭਲਾ ਜਾਰੀ ਹੈ।

ਚੇਅਰਪਰਸਨ ਮਿਸ ਐਡਿਥ ਨੋਰਡਮੈਨ ਦੀ ਅਗਵਾਈ ਵਾਲੇ ਨੀਦਰਲੈਂਡਜ਼ ਇੰਡੀਆ ਚੈਂਬਰ ਆਫ਼ ਕਾਮਰਸ ਐਂਡ ਟਰੇਡ ਨਾਲ ਰਣਨੀਤਕ ਗੱਲਬਾਤ ਦੌਰਾਨ ਮੁੱਖ ਮੰਤਰੀ ਨੇ ਪੰਜਾਬ ਅਤੇ ਨੀਦਰਲੈਂਡਜ਼ ਵਿਚਕਾਰ ਦੁਵੱਲੇ ਵਪਾਰਕ ਸਬੰਧਾਂ ਨੂੰ ਵਧਾਉਣ ਅਤੇ ਨਿਵੇਸ਼ ਪ੍ਰਵਾਹ ਨੂੰ ਉਤਸ਼ਾਹਿਤ ਕਰਨ ਦੀ ਵਕਾਲਤ ਕੀਤੀ। ਉਨ੍ਹਾਂ ਨੇ ਵੈਲਯੂ ਐਡੀਸ਼ਨ, ਬਰਾਮਦ ਆਧਾਰਤ ਵਿਕਾਸ ਅਤੇ ਵਿਸ਼ਵ ਸਪਲਾਈ ਚੇਨਾਂ ਨਾਲ ਤਾਲਮੇਲ, ਖ਼ਾਸ ਕਰ ਕੇ ਫੂਡ ਪ੍ਰੋਸੈਸਿੰਗ ਅਤੇ ਨਿਰਮਾਣ ਵਰਗੇ ਖੇਤਰਾਂ ਵਿੱਚ ਪੰਜਾਬ ਦੇ ਰਣਨੀਤਕ ਫੋਕਸ ਨੂੰ ਵੀ ਉਜਾਗਰ ਕੀਤਾ।

ਭਗਵੰਤ ਸਿੰਘ ਮਾਨ ਨੇ ਐਨ.ਆਈ.ਸੀ.ਸੀ.ਟੀ. ਨੂੰ ਪੰਜਾਬ ਨੂੰ ਹਾਲੈਂਡ ਦੇ ਉੱਦਮਾਂ ਨਾਲ ਜੋੜਨ ਅਤੇ ਸੈਕਟਰ-ਵਿਸ਼ੇਸ਼ ਰੁਝੇਵਿਆਂ ਅਤੇ ਵਪਾਰਕ ਵਫ਼ਦਾਂ ਨੂੰ ਸਰਗਰਮ ਭੂਮਿਕਾ ਨਿਭਾਉਣ ਦਾ ਸੱਦਾ ਦਿੱਤਾ।

ਇਸ ਦੌਰਾਨ ਹੇਗ ਵਿੱਚ ਨਿਵੇਸ਼ ਰੋਡ ਸ਼ੋਅ ਦੌਰਾਨ ਮੁੱਖ ਮੰਤਰੀ ਨੇ ਇਸ ਪ੍ਰੋਗਰਾਮ ਵਿੱਚ ਸੂਬੇ ਦੀਆਂ ਉਦਯੋਗਿਕ ਸ਼ਕਤੀਆਂ ਅਤੇ ਉੱਭਰ ਰਹੇ ਮੌਕਿਆਂ ਦਾ ਪ੍ਰਦਰਸ਼ਨ ਕੀਤਾ, ਜਿਸ ਵਿੱਚ ਨੀਦਰਲੈਂਡ ਦੇ ਉਦਯੋਗਪਤੀਆਂ, ਵਪਾਰਕ ਪ੍ਰਤੀਨਿਧੀਆਂ ਅਤੇ ਭਾਈਵਾਲਾਂ ਨੇ ਭਾਗ ਲਿਆ। ਭਗਵੰਤ ਸਿੰਘ ਮਾਨ ਨੇ ਵੈਲਯੂ ਐਡਿਡ ਨਿਰਮਾਣ, ਉਦਯੋਗਿਕ ਵਿਕਾਸ ਅਤੇ ਬਰਾਮਦ ਆਧਾਰਤ ਵਿਕਾਸ ਵੱਲ ਪੰਜਾਬ ਦੀ ਤਬਦੀਲੀ 'ਤੇ ਚਾਨਣਾ ਪਾਇਆ। (ਬਾਕੀ ਸਫਾ 2 'ਤੇ)

## ਮਾਨ ਵੱਲੋਂ ਹਾਲੈਂਡ ਦੇ ਮਹਾਨ ਹਾਕੀ ਖਿਡਾਰੀ ਫਲੋਰਿਸ ਜਾਨ ਬੋਵਲੈਂਡਰ ਨਾਲ ਮੁਲਾਕਾਤ

ਅੰਮ੍ਰਿਤਪਾਲ ਸਿੰਘ



ਚੰਡੀਗੜ੍ਹ, 21 ਅਪ੍ਰੈਲ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਹਾਲੈਂਡ ਦੇ ਮਸ਼ਹੂਰ ਹਾਕੀ ਖਿਡਾਰੀ ਫਲੋਰਿਸ ਜਾਨ ਬੋਵਲੈਂਡਰ ਨਾਲ ਮੁਲਾਕਾਤ ਕੀਤੀ ਅਤੇ ਪੰਜਾਬ ਵਿੱਚ ਹਾਕੀ ਨੂੰ ਹੋਰ ਮਜ਼ਬੂਤ ਕਰਨ, ਖ਼ਾਸ ਕਰ ਕੇ ਵੱਕਾਰੀ ਏਸ਼ੀਅਨ ਚੈਂਪੀਅਨਜ਼ ਟਰਾਫ਼ੀ ਦੀ ਤਿਆਰੀ ਲਈ ਉਨ੍ਹਾਂ ਦੀ ਮੁਹਾਰਤ ਦਾ ਲਾਹਾ ਲੈਣ ਦੀ ਪੇਸ਼ਕਸ਼ ਕੀਤੀ।

ਵਿਸਤਾਰ ਨਾਲ ਹੋਈ ਮੀਟਿੰਗ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਵਿੱਚ ਹਾਕੀ ਅਤੇ ਖੇਡਾਂ ਦੇ ਵਿਆਪਕ ਵਾਤਾਵਰਨ ਬਾਰੇ ਚਰਚਾ ਕੀਤੀ, ਕੌਮੀ ਖੇਡ ਦੀ ਪੁਰਾਣੀ ਸ਼ਾਨ ਬਹਾਲ ਕਰਨ ਲਈ ਸਰਕਾਰ ਦੀ ਵਚਨਬੱਧਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਫਲੋਰਿਸ ਜਾਨ ਬੋਵਲੈਂਡਰ ਦੇ ਅਸਾਧਾਰਨ (ਬਾਕੀ ਸਫਾ 2 'ਤੇ)

## ਏ.ਆਈ.ਏ.ਡੀ.ਐਮ.ਕੇ. ਲੀਡਰਸ਼ਿਪ ਨੇ ਭਾਜਪਾ ਅੱਗੇ ਗੋਡੇ ਟੇਕੇ: ਰਾਹੁਲ ਗਾਂਧੀ

### ਭਾਜਪਾ 'ਤੇ ਸੂਬਿਆਂ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਦਾ ਦੋਸ਼ ਲਗਾਇਆ

ਚੜ੍ਹਦੀਕਲਾ ਬਿਊਰੋ



ਕੰਨਿਆਕੁਮਾਰੀ/ਥੂਥੂਕੁਡੀ (ਤਾਮਿਲਨਾਡੂ), 21 ਅਪ੍ਰੈਲ : ਕਾਂਗਰਸ ਦੇ ਸੀਨੀਅਰ ਆਗੂ ਰਾਹੁਲ ਗਾਂਧੀ ਨੇ ਦੋਸ਼ ਲਾਇਆ ਕਿ ਅੰਨਾ ਡੀ ਐੱਮ ਕੇ ਦੀ ਲੀਡਰਸ਼ਿਪ ਨੇ ਆਪਣੇ ਭ੍ਰਿਸ਼ਟਾਚਾਰ ਕਾਰਨ ਭਾਜਪਾ ਅੱਗੇ ਗੋਡੇ ਟੇਕ ਦਿੱਤੇ ਹਨ। ਇਹ ਦਾਅਵਾ ਕਰਦੇ ਹੋਏ ਕਿ ਡੀ ਐੱਮ ਕੇ, ਕਾਂਗਰਸ ਅਤੇ ਉਨ੍ਹਾਂ ਦੇ ਸਹਿਯੋਗੀ ਤਾਮਿਲ ਭਾਸ਼ਾ, ਸਭਿਆਚਾਰ ਅਤੇ ਇਤਿਹਾਸ ਦੀ ਰੱਖਿਆ ਕਰ ਰਹੇ ਹਨ, ਗਾਂਧੀ ਨੇ ਕਿਹਾ, "ਉਹ (ਆਰ ਐੱਸ ਐੱਸ) ਵੀ ਜਾਣਦੇ ਹਨ ਕਿ ਤਾਮਿਲ ਲੋਕ ਉਨ੍ਹਾਂ ਨੂੰ ਚੁਣੌਤੀ ਦੇ ਸਕਦੇ ਹਨ।" ਫੈਡਰਲ ਸਿਧਾਂਤਾਂ 'ਤੇ ਜ਼ੋਰ ਦਿੰਦਿਆਂ ਰਾਹੁਲ ਗਾਂਧੀ ਨੇ ਕਿਹਾ ਕਿ ਹਰੇਕ ਸੂਬੇ ਦੀ ਆਪਣੀ ਆਵਾਜ਼ ਅਤੇ ਪ੍ਰਤੀਨਿਧਤਾ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ, "ਹਰੇਕ ਸੂਬੇ ਦੇ ਲੋਕਾਂ ਨੂੰ ਆਪਣਾ ਰਾਜ ਖੁਦ ਚਲਾਉਣਾ ਚਾਹੀਦਾ ਹੈ ਪਰ ਭਾਜਪਾ ਅਜਿਹਾ ਨਹੀਂ ਸੋਚਦੀ। ਉਹ ਇੱਕ ਰਵਾਇਤ, ਇੱਕ ਭਾਸ਼ਾ ਅਤੇ ਇੱਕ ਇਤਿਹਾਸ ਵਿੱਚ ਵਿਸ਼ਵਾਸ ਰੱਖਦੀ ਹੈ।" ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਨੇ ਭਾਜਪਾ 'ਤੇ ਸੂਬਿਆਂ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਾਇਆ ਅਤੇ ਕਿਹਾ ਕਿ ਭਾਜਪਾ ਸੰਵਿਧਾਨ ਦੀ ਪਾਲਣਾ ਨਹੀਂ ਕਰਦੀ।

## ਅਮਰੀਕਾ ਨਾਲ ਗੱਲਬਾਤ ਲਈ ਈਰਾਨ ਦੇ ਜਵਾਬ ਦੀ ਉਡੀਕ: ਪਾਕਿਸਤਾਨ

ਚੜ੍ਹਦੀਕਲਾ ਬਿਊਰੋ



ਇਸਲਾਮਾਬਾਦ, 21 ਅਪ੍ਰੈਲ : ਪਾਕਿਸਤਾਨ ਨੇ ਕਿਹਾ ਹੈ ਕਿ ਅਮਰੀਕਾ ਨਾਲ ਪ੍ਰਸਤਾਵਿਤ ਗੱਲਬਾਤ ਨੂੰ ਲੈ ਕੇ ਈਰਾਨ ਵੱਲੋਂ ਦਿੱਤੇ ਜਾਣ ਵਾਲੇ ਜਵਾਬ ਦਾ ਹਾਲੇ ਇੰਤਜ਼ਾਰ ਕੀਤਾ ਜਾ ਰਿਹਾ ਹੈ। ਇਹ ਬਿਆਨ ਪਾਕਿਸਤਾਨ ਦੇ ਸੂਚਨਾ ਮੰਤਰੀ ਅਤਾਉੱਲ੍ਹਾ ਤਰਾਰ ਵੱਲੋਂ ਜਾਰੀ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਅਜੇ ਵੀ ਕੂਟਨੀਤੀ ਅਤੇ ਗੱਲਬਾਤ ਦੇ ਰਸਤੇ ਰਾਹੀਂ ਖੇਤਰੀ ਸ਼ਾਂਤੀ ਬਹਾਲ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਪਰ ਇਸ ਪੂਰੇ ਮਾਮਲੇ ਵਿੱਚ ਈਰਾਨ ਦਾ ਫੈਸਲਾ ਸਭ ਤੋਂ ਮਹੱਤਵਪੂਰਨ ਭੂਮਿਕਾ ਨਿਭਾਏਗਾ।

ਤਰਾਰ ਨੇ ਚਿੰਤਾ ਜ਼ਾਹਰ ਕੀਤੀ ਕਿ ਦੋ ਹਫ਼ਤਿਆਂ ਦਾ ਸੀਜ਼ਫਾਇਰ (ਜੰਗਬੰਦੀ) ਬਹੁਤ ਜਲਦ ਖ਼ਤਮ ਹੋਣ ਵਾਲਾ ਹੈ। ਅਜਿਹੀ ਸਥਿਤੀ ਵਿੱਚ ਅਗਲੇ ਕੁਝ ਘੰਟਿਆਂ ਦੌਰਾਨ ਲਿਆ ਜਾਣ ਵਾਲਾ ਫੈਸਲਾ ਭਵਿੱਖ ਦੀ ਰਣਨੀਤੀ ਤੈਅ ਕਰੇਗਾ। ਇਹ ਬਿਆਨ ਉਦੋਂ ਆਇਆ ਹੈ ਜਦੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪਹਿਲਾਂ ਹੀ ਚਿਤਾਵਨੀ ਦਿੱਤੀ ਹੋਈ ਹੈ ਕਿ ਉਹ ਜੰਗਬੰਦੀ ਨੂੰ ਹੋਰ ਅੱਗੇ ਨਹੀਂ ਵਧਾਉਣਗੇ ਅਤੇ ਡੀਲ ਨਾ ਹੋਣ ਦੀ ਸੂਰਤ ਵਿੱਚ ਹਮਲੇ ਮੁੜ ਸ਼ੁਰੂ ਕੀਤੇ ਜਾ ਸਕਦੇ ਹਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਈਰਾਨ ਵਿੱਚ ਸੱਤਾ ਬਦਲ ਦਿੱਤੀ ਹੈ। 'ਇੱਕ ਖ਼ਬਰ ਏਜੰਸੀ' ਨਾਲ ਗੱਲਬਾਤ ਕਰਦਿਆਂ ਟਰੰਪ ਨੇ ਕਿਹਾ ਕਿ ਅਮਰੀਕਾ ਅਤੇ ਈਰਾਨ ਵਿਚਾਲੇ ਜਲਦ ਹੀ ਇੱਕ ਵੱਡੀ ਡੀਲ ਹੋ ਸਕਦੀ ਹੈ। (ਬਾਕੀ ਸਫਾ 2 'ਤੇ)

### ਈਰਾਨੀ ਵਫ਼ਦ ਨੇ ਪਾਕਿਸਤਾਨ ਜਾਣ ਤੋਂ ਪਹਿਲਾਂ ਰੱਖੀ ਸ਼ਰਤ

**'ਅਮਰੀਕੀ ਉਪ ਰਾਸ਼ਟਰਪਤੀ ਦੇ ਹਾਜ਼ਰ ਹੋਣ 'ਤੇ ਈਰਾਨੀ ਆਗੂ ਗੱਲਬਾਤ 'ਚ ਲੈਣਗੇ ਹਿੱਸਾ'**

ਤੇਲ ਅਵੀਵ, 21 ਅਪ੍ਰੈਲ (ਚ.ਨ.ਸ.): ਇੱਕ ਈਰਾਨੀ ਵਫ਼ਦ ਅਮਰੀਕਾ ਨਾਲ ਗੱਲਬਾਤ ਲਈ ਪਾਕਿਸਤਾਨ ਜਾਣ ਦੀ ਤਿਆਰੀ ਕਰ ਰਿਹਾ ਹੈ। ਦੋ ਈਰਾਨੀ ਅਧਿਕਾਰੀਆਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਵਫ਼ਦ ਅੱਜ ਇਸਲਾਮਾਬਾਦ ਪਹੁੰਚ ਸਕਦਾ ਹੈ ਜਦਕਿ ਇਨ੍ਹਾਂ ਗੱਲਬਾਤਾਂ ਤੋਂ ਪਹਿਲਾਂ ਈਰਾਨੀ ਸੰਸਦ ਦੇ ਸਪੀਕਰ ਮੁਹੰਮਦ ਬਾਘੇਰ ਗਾਲਿਬਾਫ ਨੇ ਇੱਕ ਸ਼ਰਤ ਰੱਖੀ ਹੈ ਕਿ ਉਹ ਸਿਰਫ਼ ਤਾਂ ਹੀ ਹਿੱਸਾ ਲੈਣਗੇ ਜੇਕਰ ਅਮਰੀਕੀ ਉਪ ਰਾਸ਼ਟਰਪਤੀ ਜੇ.ਡੀ. ਵੈਂਸ ਵੀ ਮੌਜੂਦ ਹੋਣਗੇ। ਜੇ.ਡੀ.ਵੈਂਸ ਦੇ ਵਾਸ਼ਿੰਗਟਨ ਤੋਂ ਪਾਕਿਸਤਾਨ ਜਾਣ ਦੀ ਉਮੀਦ ਹੈ। ਨਤੀਜੇ ਵਜੋਂ ਈਰਾਨੀ ਵਫ਼ਦ ਦੀ ਸ਼ਮੂਲੀਅਲਤ ਨੂੰ ਉਨ੍ਹਾਂ ਦੀ ਫੇਰੀ 'ਤੇ ਨਿਰਭਰ ਮੰਨਿਆ ਜਾ ਰਿਹਾ ਹੈ।

## ਪਟਾਕਾ ਫੈਕਟਰੀ 'ਚ ਹੋਏ ਧਮਾਕੇ ਕਾਰਨ 13 ਮਰੇ, ਕਈ ਬੁਰੀ ਤਰ੍ਹਾਂ ਝੁਲਸੇ

ਚੜ੍ਹਦੀਕਲਾ ਬਿਊਰੋ



ਤ੍ਰਿਸ਼ੂਰ, 21 ਅਪ੍ਰੈਲ : ਕੇਰਲ ਦੇ ਮੁੰਦਥਿੱਕੋਡ ਵਿੱਚ ਮੰਗਲਵਾਰ ਨੂੰ ਇੱਕ ਪਟਾਕਾ ਫੈਕਟਰੀ ਵਿੱਚ ਹੋਏ ਜ਼ਬਰਦਸਤ ਧਮਾਕੇ ਕਾਰਨ ਵੱਡਾ ਜਾਨੀ ਨੁਕਸਾਨ ਹੋਣ ਦੀ ਖ਼ਬਰ ਹੈ। ਇਸ ਦਰਦਨਾਕ ਹਾਦਸੇ ਵਿੱਚ ਘੱਟੋ-ਘੱਟ 13 ਲੋਕਾਂ ਦੀ ਮੌਤ ਹੋ ਗਈ ਹੈ, ਜਦਕਿ ਕਈ ਹੋਰ ਬੁਰੀ ਤਰ੍ਹਾਂ ਝੁਲਸ ਗਏ ਹਨ। ਦੱਸਿਆ ਜਾ ਰਿਹਾ ਹੈ ਕਿ 5 ਜ਼ਖ਼ਮੀਆਂ ਦੀ ਹਾਲਤ ਬਹੁਤ ਨਾਜ਼ੁਕ ਬਣੀ ਹੋਈ ਹੈ।

ਜਾਣਕਾਰੀ ਅਨੁਸਾਰ, ਇਹ ਧਮਾਕਾ ਉਸ ਸਮੇਂ ਹੋਇਆ ਜਦੋਂ ਫੈਕਟਰੀ ਵਿੱਚ ਤ੍ਰਿਸ਼ੂਰ ਪੂਰਮ ਉਤਸਵ ਲਈ ਇੱਕ ਮੰਦਰ ਦੇਵਸਵੋਮ ਵੱਲੋਂ ਪਟਾਕੇ ਤਿਆਰ ਕਰਵਾਏ ਜਾ ਰਹੇ ਸਨ। ਧਮਾਕੇ ਦੇ ਸਮੇਂ ਸ਼ੈੱਡ ਵਿੱਚ ਲਗਭਗ 40 ਮਜ਼ਦੂਰ ਮੌਜੂਦ ਸਨ। ਇਹ ਪਟਾਕੇ ਝੋਨੇ ਦੇ ਖੇਤਾਂ ਦੇ ਵਿਚਕਾਰ ਇੱਕ ਸੁੰਨਸਾਨ ਇਲਾਕੇ ਵਿੱਚ ਬਣੇ ਅਸਥਾਈ ਸ਼ੈੱਡਾਂ ਵਿੱਚ ਬਣਾਏ ਜਾ ਰਹੇ ਸਨ।

ਧਮਾਕਾ ਦੁਪਹਿਰ ਕਰੀਬ 3:30 ਵਜੇ ਹੋਇਆ ਅਤੇ ਸਥਾਨਕ ਲੋਕਾਂ ਮੁਤਾਬਕ ਇਸ ਤੋਂ ਬਾਅਦ ਵੀ ਰੁਕ-ਰੁਕ ਕੇ ਕਈ ਛੋਟੇ ਧਮਾਕੇ ਹੁੰਦੇ ਰਹੇ। ਇਨ੍ਹਾਂ (ਬਾਕੀ ਸਫਾ 2 'ਤੇ)

## ਪੰਜਾਬ 'ਚ ਲੂ ਦੀ ਤਪਸ਼ ਵਿਚਕਾਰ ਰਾਹਤ ਦੀ ਆਸ, ਅਪ੍ਰੈਲ ਦੇ ਅਖ਼ੀਰ 'ਚ ਹਲਕੀ ਬਾਰਿਸ਼ ਦੀ ਸੰਭਾਵਨਾ

ਚੜ੍ਹਦੀਕਲਾ ਬਿਊਰੋ



ਚੰਡੀਗੜ੍ਹ, 21 ਅਪ੍ਰੈਲ : ਪੰਜਾਬ ਅਤੇ ਹਰਿਆਣਾ ਦੇ ਕਈ ਖੇਤਰਾਂ ਵਿੱਚ ਗਰਮੀ ਤੇ ਲੂ ਜਾਰੀ ਹੈ ਪਰ ਇੱਕ ਚੰਗੀ ਖ਼ਬਰ ਇਹ ਹੈ ਕਿ ਮੌਸਮ ਵਿਭਾਗ ਨੇ ਪੰਜਾਬ ਅਤੇ ਹਰਿਆਣਾ 'ਚ ਕਿਤੇ-ਕਿਤੇ ਹਲਕੀ ਬਾਰਿਸ਼ ਦੀ ਪੇਸ਼ੀਨਗੋਈ ਕੀਤੀ ਹੈ।

ਭਾਰਤ ਮੌਸਮ ਵਿਭਾਗ (ਆਈ.ਐਮ.ਡੀ.) ਵੱਲੋਂ ਮੰਗਲਵਾਰ ਨੂੰ ਜਾਰੀ ਬੁਲਿਟਿਨ ਮੁਤਾਬਿਕ ਅਗਲੇ ਪੰਜ ਦਿਨ ਮੌਸਮ ਖ਼ੁਸ਼ਕ ਰਹਿਣ ਦੀ ਸੰਭਾਵਨਾ ਹੈ। ਇਸ ਤੋਂ ਬਾਅਦ 26 ਤੇ 27 ਅਪ੍ਰੈਲ ਨੂੰ ਦੋਵਾਂ ਸੂਬਿਆਂ ਦੇ ਵੱਖ-ਵੱਖ ਖੇਤਰਾਂ ਵਿੱਚ ਹਲਕਾ ਮੀਂਹ ਪੈ ਸਕਦਾ ਹੈ। 21 ਤੋਂ 24 ਅਪ੍ਰੈਲ ਤੱਕ ਕਈ ਥਾਵਾਂ 'ਤੇ ਲੂ ਦੇ ਹਾਲਾਤ ਬਣੇ ਰਹਿਣ ਦੀ ਸੰਭਾਵਨਾ ਹੈ। ਇਸ ਦੌਰਾਨ ਵੱਧ ਤੋਂ ਵੱਧ ਤਾਪਮਾਨ ਵਿੱਚ 3 ਤੋਂ 4 ਡਿਗਰੀ ਸੈਲਸੀਅਸ ਤੱਕ ਹੌਲੀ-ਹੌਲੀ ਵਾਧਾ ਹੋ ਸਕਦਾ ਹੈ, ਜਿਸ ਤੋਂ ਬਾਅਦ ਤਾਪਮਾਨ ਵਿੱਚ ਕੋਈ ਵੱਡਾ ਫ਼ਰਕ ਨਹੀਂ ਆਵੇਗਾ।

ਪਿਛਲੇ 24 ਘੰਟਿਆਂ ਦੌਰਾਨ ਹਰਿਆਣਾ ਵਿੱਚ ਸਭ ਤੋਂ ਵੱਧ ਤਾਪਮਾਨ ਭਿਵਾਨੀ ਵਿੱਚ 43.5 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜਦਕਿ ਕਰਨਾਲ ਵਿੱਚ ਘੱਟੋ-ਘੱਟ ਤਾਪਮਾਨ 18 ਡਿਗਰੀ ਸੈਲਸੀਅਸ ਰਿਹਾ। ਪੰਜਾਬ ਵਿੱਚ ਬਠਿੰਡਾ 41 ਡਿਗਰੀ ਸੈਲਸੀਅਸ ਨਾਲ ਸਭ ਤੋਂ ਗਰਮ ਰਿਹਾ, ਜਦਕਿ ਨਵਾਂ ਸ਼ਹਿਰ ਵਿੱਚ ਘੱਟੋ-ਘੱਟ ਤਾਪਮਾਨ 18.4 ਡਿਗਰੀ ਸੈਲਸੀਅਸ ਦਰਜ ਹੋਇਆ। ਆਈ.ਐਮ.ਡੀ. ਨੇ ਦਿਨ ਦੇ ਤਾਪਮਾਨ ਨੂੰ ਦੋਵਾਂ (ਬਾਕੀ ਸਫਾ 2 'ਤੇ)

### ਸਾਂਸਦ ਅੰਮ੍ਰਿਤਪਾਲ ਸਿੰਘ ਦੀ ਗ੍ਰਿਫ਼ਤਾਰੀ ਲਈ ਪੰਜਾਬ ਪੁਲਿਸ ਦੀ ਟੀਮ ਡਿਬੜੂਗੜ੍ਹ ਪੁੱਜੀ

ਅਜਨਾਲਾ, 21 ਅਪ੍ਰੈਲ (ਚ.ਨ.ਸ.):ਆਸਾਮ ਦੀ ਡਿਬੜੂਗੜ੍ਹ ਜੇਲ੍ਹ ਵਿਚ ਐਨ.ਐਸ.ਏ. ਤਹਿਤ ਬੰਦ ਖਡੂਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਦੀ ਅਜਨਾਲਾ ਥਾਣਾ ਕੇਸ ਵਿਚ ਰਸਮੀ ਤੌਰ 'ਤੇ ਗ੍ਰਿਫ਼ਤਾਰੀ ਪਾਉਣ ਲਈ ਪੰਜਾਬ ਪੁਲਿਸ ਦੀ ਉੱਚ ਪੱਧਰੀ ਟੀਮ ਡਿਬਰੂਗੜ੍ਹ ਪਹੁੰਚ ਚੁੱਕੀ ਹੈ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਕੱਲ੍ਹ 22 ਅਪ੍ਰੈਲ ਨੂੰ ਅੰਮ੍ਰਿਤਪਾਲ ਸਿੰਘ 'ਤੇ ਲੱਗੀ ਐਨ.ਐਸ.ਏ. ਦੀ ਮਿਆਦ ਖ਼ਤਮ ਹੋ ਰਹੀ ਹੈ, ਜਿਸ ਤੋਂ ਬਾਅਦ ਪੰਜਾਬ ਪੁਲਿਸ ਵਲੋਂ ਉਨ੍ਹਾਂ ਖ਼ਿਲਾਫ਼ ਥਾਣਾ ਅਜਨਾਲਾ ਵਿਖੇ ਦਰਜ ਵੱਖ-ਵੱਖ ਮੁਕਦਮਿਆਂ ਵਿਚ ਰਸਮੀ ਤੌਰ 'ਤੇ ਗ੍ਰਿਫ਼ਤਾਰੀ ਪਾਈ ਜਾਵੇਗੀ। ਗ੍ਰਿਫ਼ਤਾਰੀ ਪਾਉਣ ਤੋਂ ਬਾਅਦ ਅੰਮ੍ਰਿਤਪਾਲ ਸਿੰਘ ਨੂੰ ਵੀਡੀਓ ਕਾਨਫ਼ਰੰਸਿੰਗ ਰਾਹੀਂ ਅਦਾਲਤ ਵਿਚ ਪੇਸ਼ ਕਰਕੇ ਪੁਲਿਸ ਰਿਮਾਂਡ ਵੀ ਮੰਗਿਆ ਜਾ ਸਕਦਾ ਹੈ।

## ਮੈਂ ਕਦੇ ਵੀ ਪ੍ਰਧਾਨ ਮੰਤਰੀ ਨੂੰ ਅੱਤਵਾਦੀ ਨਹੀਂ ਕਿਹਾ: ਖੜਗੇ

### ਭਾਜਪਾ ਨੇ ਕਾਂਗਰਸ ਪ੍ਰਧਾਨ ਨੂੰ ਦੱਸਿਆ 'ਹਤਾਸ਼'

ਚੜ੍ਹਦੀਕਲਾ ਬਿਊਰੋ



ਨਵੀਂ ਦਿੱਲੀ, 21 ਅਪ੍ਰੈਲ :ਮੰਗਲਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਤਿੱਖਾ ਹਮਲਾ ਕਰਦੇ ਹੋਏ, ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਦੋਸ਼ ਲਗਾਇਆ ਕਿ ਪ੍ਰਧਾਨ ਮੰਤਰੀ ਵਿਰੋਧੀ ਧਿਰ ਦੀ ਆਵਾਜ਼ ਨੂੰ ਦਬਾਉਣ ਲਈ ਸਰਕਾਰੀ ਮਸ਼ੀਨਰੀ ਅਤੇ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਕਰਕੇ ਰਾਜਨੀਤਿਕ ਪਾਰਟੀਆਂ ਅਤੇ ਜਨਤਾ ਨੂੰ ਡਰਾ ਰਹੇ ਹਨ। ਚੇਨਈ ਵਿੱਚ ਕੇ.ਸੀ. ਵੇਣੂਗੋਪਾਲ ਦੇ ਨਾਲ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ, ਖੜਗੇ ਨੇ ਸ਼ੁਰੂ ਵਿੱਚ ਭਾਜਪਾ ਨਾਲ ਏ.ਆਈ.ਏ.ਡੀ.ਐਮ.ਕੇ. ਦੇ ਗਠਜੋੜ ਦੀ ਆਲੋਚਨਾ ਕੀਤੀ, ਪ੍ਰਧਾਨ ਮੰਤਰੀ ਨੂੰ 'ਅੱਤਵਾਦੀ' ਕਿਹਾ। ਹਾਲਾਂਕਿ, ਜਦੋਂ ਪੱਤਰਕਾਰਾਂ ਨੇ ਉਨ੍ਹਾਂ 'ਤੇ ਇਸ ਟਿੱਪਣੀ ਦੇ ਸੰਦਰਭ ਨੂੰ ਸਪੱਸ਼ਟ ਕਰਨ ਲਈ ਦਬਾਅ ਪਾਇਆ, ਤਾਂ ਕਾਂਗਰਸ ਮੁਖੀ ਨੇ ਕਿਹਾ ਕਿ ਉਨ੍ਹਾਂ ਦਾ ਮਤਲਬ ਸੀ ਕਿ ਪ੍ਰਧਾਨ ਮੰਤਰੀ ਦੇਸ਼ ਦੇ ਲੋਕਤੰਤਰੀ ਤਾਣੇ-ਬਾਣੇ ਨੂੰ ਡਰਾ ਰਹੇ ਹਨ। ਖੜਗੇ ਨੇ ਕਿਹਾ,'ਉਹ ਲੋਕਾਂ ਅਤੇ ਰਾਜਨੀਤਿਕ ਪਾਰਟੀਆਂ ਨੂੰ ਡਰਾ ਰਹੇ ਹਨ। ਮੈਂ ਕਦੇ ਨਹੀਂ ਕਿਹਾ ਕਿ ਉਹ ਅੱਤਵਾਦੀ ਹਨ। 'ਧਮਕਾਉਣ' ਦਾ ਅਰਥ ਹੈ ਕਿ ਉਹ ਆਪਣੀ ਸ਼ਕਤੀ ਅਤੇ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਕਰ ਰਹੇ ਹਨ, ਵਿਰੋਧੀ ਪਾਰਟੀਆਂ 'ਤੇ ਗਾਲ੍ਹਾਂ ਕੱਢ ਰਹੇ ਹਨ ਅਤੇ ਉਨ੍ਹਾਂ 'ਤੇ ਝੂਠੇ ਦੋਸ਼ ਲਗਾ ਰਹੇ ਹਨ।' ਕਾਂਗਰਸ ਮੁਖੀ ਨੇ ਦੋਸ਼ ਲਗਾਇਆ ਕਿ ਚੋਣ ਕਮਿਸ਼ਨ ਪ੍ਰਭਾਵਸ਼ਾਲੀ ਢੰਗ ਨਾਲ ਭਾਜਪਾ ਦੇ ਦਫ਼ਤਰ ਦਾ ਵਿਸਥਾਰ ਬਣ ਗਿਆ ਹੈ, ਅਤੇ ਉਨ੍ਹਾਂ ਨੇ ਪ੍ਰਧਾਨ ਮੰਤਰੀ 'ਤੇ ਚੋਣ ਪ੍ਰਚਾਰ ਦੇ ਆਖਰੀ ਪੜਾਵਾਂ ਦੌਰਾਨ ਆਦਰਸ਼ (ਬਾਕੀ ਸਫਾ 2 'ਤੇ)

## ਸਰਕਾਰੀ ਰਿਹਾਇਸ਼ 'ਤੇ ਗੋਲ਼ੀ ਲੱਗਣ ਕਾਰਨ ਡੀ.ਐਸ.ਪੀ. ਦੀ ਮੌਤ



ਫਗਵਾੜਾ, 21 ਅਪ੍ਰੈਲ (ਚ.ਨ.ਸ.):ਐਂਟੀ ਨਾਰਕੋਟਿਕਸ ਟਾਸਕ ਫੋਰਸ (ਏ.ਐਨ.ਟੀ.ਐਫ਼.) ਵਿੱਚ ਸੇਵਾ ਨਿਭਾਅ ਰਹੇ ਡੀ.ਐੱਸ.ਪੀ. ਯੋਗੇਸ਼ ਕੁਮਾਰ ਦੀ ਮੰਗਲਵਾਰ ਸਵੇਰੇ ਇੱਥੇ ਪੁਲਿਸ ਕੁਆਰਟਰ ਸਥਿਤ ਆਪਣੀ ਸਰਕਾਰੀ ਰਿਹਾਇਸ਼ 'ਤੇ ਗੋਲੀ ਲੱਗਣ ਕਾਰਨ ਮੌਤ ਹੋ ਗਈ। ਵੇਰਵਿਆਂ ਅਨੁਸਾਰ ਅਧਿਕਾਰੀਆਂ ਨੇ ਇਸ ਗੱਲ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਕਿ ਇਹ ਖੁਦਕੁਸ਼ੀ ਦਾ ਮਾਮਲਾ ਹੈ ਜਾਂ ਗੋਲੀ ਗਲਤੀ ਨਾਲ ਚੱਲੀ ਹੈ। ਇਹ ਘਟਨਾ ਸਵੇਰੇ ਕਰੀਬ 7:30 ਵਜੇ ਵਾਪਰੀ ਜਦੋਂ ਅਧਿਕਾਰੀ ਆਪਣੀ ਪਤਨੀ, ਮਾਤਾ-ਪਿਤਾ, ਪੁੱਤਰ ਅਤੇ ਧੀ ਸਮੇਤ ਪਰਿਵਾਰਕ ਮੈਂਬਰਾਂ ਨਾਲ ਘਰ ਵਿੱਚ ਮੌਜੂਦ (ਬਾਕੀ ਸਫਾ 2 'ਤੇ)

## ਕੇਦਾਰਨਾਥ ਮੰਦਰ 'ਚ ਮੋਬਾਈਲ ਫ਼ੋਨ 'ਤੇ ਲੱਗੀ ਪਾਬੰਦੀ

ਚੜ੍ਹਦੀਕਲਾ ਬਿਊਰੋ



ਦੇਹਰਾਦੂਨ, 21 ਅਪ੍ਰੈਲ : : ਉਤਰਾਖੰਡ ਵਿੱਚ ਕੇਦਾਰਨਾਥ ਮੰਦਰ ਕਮੇਟੀ ਨੇ ਮੰਦਰ ਕੰਪਲੈਕਸ ਦੇ ਅੰਦਰ ਮੋਬਾਈਲ ਫੋਨ ਦੀ ਵਰਤੋਂ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ ਹੈ। ਕਮੇਟੀ ਨੇ ਇਹ ਫੈਸਲਾ ਮੰਦਰ ਦੀ ਪਵਿੱਤਰਤਾ ਬਣਾਈ ਰੱਖਣ ਅਤੇ ਸ਼ਰਧਾਲੂਆਂ ਦੀ ਸਹੂਲਤ ਨੂੰ ਯਕੀਨੀ ਬਣਾਉਣ ਲਈ ਲਿਆ ਹੈ। ਮੰਦਰ ਕਮੇਟੀ ਦੇ ਮੈਂਬਰ ਵਿਨੀਤ ਪੋਸਤੀ ਨੇ ਇਹ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਕਿਸੇ ਵੀ ਸ਼ਰਧਾਲੂ ਨੂੰ ਮੰਦਰ ਕੰਪਲੈਕਸ ਦੇ ਅੰਦਰ ਮੋਬਾਈਲ ਫੋਨ ਲੈ ਕੇ ਜਾਣ ਦੀ ਇਜਾਜ਼ਤ ਨਹੀਂ ਹੋਵੇਗੀ। ਸੋਸ਼ਲ ਮੀਡੀਆ ਲਈ ਫੋਟੋਆਂ ਖਿੱਚਣ, ਵੀਡੀਓ ਬਣਾਉਣ ਅਤੇ ਰੀਲਾਂ ਬਣਾਉਣ ਦੀ ਸਖ਼ਤ ਮਨਾਹੀ ਹੈ। ਅਜਿਹਾ ਕਰਨ ਵਾਲਿਆਂ ਨੂੰ ਸਜ਼ਾ ਦਿੱਤੀ ਜਾਵੇਗੀ। ਉਨ੍ਹਾਂ ਸਪੱਸ਼ਟ ਕੀਤਾ ਕਿ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਸ਼ਰਧਾਲੂਆਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਮੰਦਰ ਪ੍ਰਸ਼ਾਸਨ ਨੇ ਸਾਰੇ ਸ਼ਰਧਾਲੂਆਂ ਨੂੰ ਨਿਯਮਾਂ ਦੀ ਪਾਲਣਾ ਕਰਨ ਅਤੇ ਧਾਰਮਿਕ ਸਥਾਨ ਦੀ ਮਾਣ-ਮਰਿਆਦਾ ਬਣਾਈ ਰੱਖਣ ਵਿੱਚ ਸਹਿਯੋਗ ਕਰਨ ਦੀ ਅਪੀਲ ਕੀਤੀ ਹੈ। ਇਹ ਕਦਮ ਹਾਲ ਹੀ ਵਿੱਚ ਮੰਦਰ ਕੰਪਲੈਕਸ ਦੇ ਅੰਦਰ ਭੀੜ ਵਿੱਚ ਵਾਧੇ ਅਤੇ ਮੋਬਾਈਲ ਫੋਨ ਦੀ ਬਹੁਤ ਜ਼ਿਆਦਾ ਵਰਤੋਂ ਦੇ ਮੱਦੇਨਜ਼ਰ ਚੁੱਕਿਆ ਗਿਆ ਹੈ, ਤਾਂ ਜੋ ਸ਼ਰਧਾਲੂ ਸ਼ਾਂਤੀਪੂਰਨ ਅਤੇ ਵਿਵਸਥਿਤ ਢੰਗ ਨਾਲ ਦਰਸ਼ਨ ਕਰ ਸਕਣ। ਦੱਸ ਦੇਈਏ ਕਿ ਇਹ ਫੈਸਲਾ ਕੇਦਾਰਨਾਥ ਮੰਦਰ ਦੇ ਖੁੱਲ੍ਹਣ ਤੋਂ ਇੱਕ ਦਿਨ ਪਹਿਲਾਂ ਲਿਆ ਗਿਆ। (ਬਾਕੀ ਸਫਾ 2 'ਤੇ)

### ਭਾਜਪਾ ਉਮੀਦਵਾਰ ਅਜੀਤ ਕੁਮਾਰ 'ਤੇ ਜਾਨਲੇਵਾ ਹਮਲਾ, ਪਾਰਟੀ ਦੇ ਕਈ ਵਰਕਰ ਵੀ ਜ਼ਖ਼ਮੀ

ਕੋਲਕਾਤਾ, 21 ਅਪ੍ਰੈਲ (ਚ.ਨ.ਸ.):ਪੱਛਮੀ ਬੰਗਾਲ ਵਿੱਚ ਵਿਧਾਨ ਸਭਾ ਚੋਣਾਂ ਦੇ ਪਹਿਲੇ ਪੜਾਅ ਦੀ ਵੋਟਿੰਗ ਤੋਂ ਠੀਕ ਪਹਿਲਾਂ ਸਿਆਸੀ ਮਾਹੌਲ ਬੇਹੱਦ ਗਰਮਾ ਗਿਆ ਹੈ। ਮੰਗਲਵਾਰ ਨੂੰ ਪੱਛਮੀ ਮੇਦਿਨੀਪੁਰ ਜ਼ਿਲ੍ਹੇ ਦੇ ਦਾਂਤਨ ਇਲਾਕੇ ਵਿੱਚ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਅਜੀਤ ਕੁਮਾਰ ਜਾਨਾ 'ਤੇ ਜਾਨਲੇਵਾ ਹਮਲਾ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਇਸ ਹਿੰਸਕ ਝੜਪ ਵਿੱਚ ਭਾਜਪਾ ਦੇ ਕਈ ਵਰਕਰ ਅਤੇ ਸਮਰਥਕ ਵੀ ਗੰਭੀਰ ਰੂਪ ਵਿੱਚ ਜ਼ਖ਼ਮੀ ਦੱਸੇ ਜਾ ਰਹੇ ਹਨ।

ਜਾਣਕਾਰੀ ਅਨੁਸਾਰ, ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਚੋਣ ਪ੍ਰਚਾਰ ਦੇ ਆਖਰੀ ਦਿਨ ਹਰੀਪੁਰ ਤੋਂ ਭਾਜਪਾ ਉਮੀਦਵਾਰ ਦੇ ਸਮਰਥਨ ਵਿੱਚ ਇੱਕ ਵੱਡੀ ਮੋਟਰਸਾਈਕਲ ਰੈਲੀ ਕੱਢੀ ਜਾ ਰਹੀ ਸੀ। ਚਸ਼ਮਦੀਦਾਂ ਦਾ ਦਾਅਵਾ ਹੈ ਕਿ ਜਦੋਂ ਇਹ ਰੈਲੀ ਸਬਰਾ ਤੋਂ ਮੋਹਨਪੁਰ ਜਾਂਦੇ ਹੋਏ (ਬਾਕੀ ਸਫਾ 2 'ਤੇ)

## ਗੈਂਗਸਟਰ ਬਿਸ਼ਨੋਈ ਸਮੇਤ 11 ਮੁਲਜ਼ਮਾਂ ਖ਼ਿਲਾਫ਼ ਮਕੋਕਾ ਮਾਮਲੇ 'ਚ ਦੋਸ਼ ਤੈਅ ਕਰਨ ਦੇ ਹੁਕਮ




ਚੜ੍ਹਦੀਕਲਾ ਬਿਊਰੋ

ਨਵੀਂ ਦਿੱਲੀ, 21 ਅਪ੍ਰੈਲ :ਮੁਕੱਦਮੇ ਦੀ ਤਿਆਰੀ ਕਰਦੇ ਹੋਏ ਦਿੱਲੀ ਦੀ ਇੱਕ ਅਦਾਲਤ ਨੇ ਮੰਗਲਵਾਰ ਨੂੰ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ 19 ਹੋਰਾਂ ਵਿਰੁੱਧ 2021 ਦੇ ਇੱਕ ਮਾਮਲੇ ਵਿੱਚ ਮਹਾਰਾਸ਼ਟਰ ਕੰਟਰੋਲ ਆਫ ਆਰਗੇਨਾਈਜ਼ਡ ਕ੍ਰਾਈਮ ਐਕਟ ਤਹਿਤ ਦੋਸ਼ ਤੈਅ ਕਰਨ ਦਾ ਹੁਕਮ ਦਿੱਤਾ ਹੈ। ਵਧੀਕ ਸੈਸ਼ਨ ਜੱਜ ਪ੍ਰਸ਼ਾਂਤ ਸ਼ਰਮਾ ਨੇ ਬਿਸ਼ਨੋਈ ਅਤੇ ਹੋਰਾਂ ਵਿਰੁੱਧ ਧਾਰਾ 3 (ਸੰਗਠਿਤ ਅਪਰਾਧ) ਅਤੇ ਧਾਰਾ 4 (ਸੰਗਠਿਤ ਅਪਰਾਧ ਸਿੰਡੀਕੇਟ ਦੇ ਮੈਂਬਰ ਦੀ ਤਰਫੋਂ ਬੇਹਿਸਾਬ ਦੌਲਤ ਰੱਖਣ), ਅਤੇ ਨਾਲ ਹੀ ਅਸਲਾ ਐਕਟ ਅਤੇ ਵਿਸਫੋਟਕ ਐਕਟ ਤਹਿਤ ਦੋਸ਼ ਤੈਅ ਕਰਨ ਦਾ ਆਦੇਸ਼ ਦਿੱਤਾ। ਦੋਸ਼ਾਂ ਨੂੰ ਰਸਮੀ ਤੌਰ 'ਤੇ ਤੈਅ (ਬਾਕੀ ਸਫਾ 2 'ਤੇ)

## ਰਾਜਾ ਵੜਿੰਗ ਵੱਲੋਂ ਬਿਸ਼ਨੋਈ 'ਤੇ ਆਧਾਰਿਤ ਲੜੀ ਉੱਤੇ ਪਾਬੰਦੀ ਦੀ ਮੰਗ

ਚੰਡੀਗੜ੍ਹ, 21 ਅਪ੍ਰੈਲ (ਚ.ਨ.ਸ.): ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਗੈਂਗਸਟਰ ਲਾਰੈਂਸ ਬਿਸ਼ਨੋਈ 'ਤੇ ਆਧਾਰਿਤ ਦੱਸੀ ਜਾ ਰਹੀ ਟੀਵੀ ਸੀਰੀਜ਼ 'ਲਾਰੈਂਸ ਆਫ ਪੰਜਾਬ' 'ਤੇ ਸਖ਼ਤ ਇਤਰਾਜ਼ ਜਤਾਇਆ ਹੈ। ਵੜਿੰਗ ਦੀਆਂ ਮੁੱਖ ਚਿੰਤਾਵਾਂ ਇਸ ਗੱਲ ਦੁਆਲੇ ਹਨ ਕਿ ਅਜਿਹਾ ਸ਼ੋਅ ਜਨਤਕ ਧਾਰਨਾ, ਖਾਸ ਕਰਕੇ ਨੌਜਵਾਨਾਂ ਦੀ ਸੋਚ ਨੂੰ ਕਿਵੇਂ ਪ੍ਰਭਾਵਿਤ ਕਰ ਸਕਦਾ ਹੈ। ਉਨ੍ਹਾਂ ਦਾ ਤਰਕ ਹੈ ਕਿ ਬਿਸ਼ਨੋਈ ਵਰਗੇ ਵਿਅਕਤੀ ਨੂੰ ਦਿਖਾਉਣਾ ਅਪਰਾਧਿਕ ਸੱਭਿਆਚਾਰ ਦੀ ਨਿੰਦਾ ਕਰਨ ਦੀ ਬਜਾਏ ਉਸ ਦੀ ਵਡਿਆਈ (ਗਲੋਰੀਫਿਕੇਸ਼ਨ) ਕਰਨ ਦਾ ਜੋਖਮ ਪੈਦਾ ਕਰਦਾ ਹੈ। ਉਨ੍ਹਾਂ ਨੇ ਇਸ ਦੇ ਟਾਈਟਲ (ਸਿਰਲੇਖ) ਨੂੰ ਵੀ ਇਤਰਾਜ਼ਯੋਗ ਦੱਸਿਆ। ਉਨ੍ਹਾਂ ਕਿਹਾ ਕਿ ਇਹ ਪੰਜਾਬ ਦੀ ਪਛਾਣ ਨੂੰ, ਜੋ ਅਕਸਰ (ਬਾਕੀ ਸਫਾ 2 'ਤੇ)

## ਪਾਕਿਸਤਾਨ ਨੇ ਭਾਰਤੀ ਹਵਾਈ ਕੰਪਨੀਆਂ 'ਤੇ ਲਗਾਈ ਪਾਬੰਦੀ 24 ਮਈ ਤੱਕ ਵਧਾਈ

ਚੜ੍ਹਦੀਕਲਾ ਬਿਊਰੋ



ਇਸਲਾਮਾਬਾਦ, 21 ਅਪ੍ਰੈਲ : ਪਾਕਿਸਤਾਨ ਨੇ ਆਪਣੇ ਹਵਾਈ ਖੇਤਰ ਵਿੱਚ ਭਾਰਤੀ ਜਹਾਜ਼ਾਂ ਦੇ ਦਾਖਲੇ 'ਤੇ ਲੱਗੀ ਪਾਬੰਦੀ ਨੂੰ ਮੰਗਲਵਾਰ ਨੂੰ 24 ਮਈ, 2026 ਤੱਕ ਵਧਾ ਦਿੱਤਾ ਹੈ। ਇਹ ਫੈਸਲਾ ਅਜਿਹੇ ਸਮੇਂ ਆਇਆ ਹੈ ਜਦੋਂ ਖੇਤਰ ਵਿੱਚ ਪਹਿਲਾਂ ਹੀ ਕਾਫੀ ਤਣਾਅ ਹੈ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਪਹਿਲਗਾਮ ਵਿੱਚ ਹੋਏ ਅਤਿਵਾਦੀ ਹਮਲੇ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਨੇ ਇੱਕ-ਦੂਜੇ ਲਈ ਆਪਣੇ ਹਵਾਈ ਰਸਤੇ ਬੰਦ ਕਰ ਦਿੱਤੇ ਸਨ। ਪਾਕਿਸਤਾਨ ਦਾ ਹਵਾਈ ਖੇਤਰ 24 ਅਪ੍ਰੈਲ, 2025 ਤੋਂ ਭਾਰਤੀ ਜਹਾਜ਼ਾਂ ਲਈ ਬੰਦ ਹੈ, ਜਦਕਿ ਭਾਰਤ ਨੇ ਵੀ ਪਾਕਿਸਤਾਨੀ ਜਹਾਜ਼ਾਂ ਨੂੰ ਆਪਣੇ ਇਲਾਕੇ ਵਿੱਚ ਆਉਣ ਤੋਂ ਰੋਕਿਆ ਹੋਇਆ ਹੈ। ਪਾਕਿਸਤਾਨ ਹਵਾਈ ਅੱਡਾ ਅਥਾਰਟੀ ਵੱਲੋਂ ਜਾਰੀ ਕੀਤੇ ਗਏ ਤਾਜ਼ਾ ਨੋਟਿਸ (ਨੋਟਮ) ਅਨੁਸਾਰ ਕਿਸੇ ਵੀ ਭਾਰਤੀ ਵਪਾਰਕ ਜਾਂ ਫੌਜੀ ਜਹਾਜ਼ ਨੂੰ 24 ਮਈ, 2026 ਦੀ ਸਵੇਰ ਤੱਕ ਪਾਕਿਸਤਾਨੀ ਹਵਾਈ ਖੇਤਰ ਦੀ ਵਰਤੋਂ ਕਰਨ ਦੀ ਇਜਾਜ਼ਤ ਨਹੀਂ ਹੋਵੇਗੀ। ਕੌਮਾਂਤਰੀ ਪੱਧਰ 'ਤੇ ਡੋਨਾਲਡ ਟਰੰਪ ਵੱਲੋਂ ਅਤਿਵਾਦ ਵਿਰੁੱਧ ਦਿੱਤੀ ਗਈ (ਬਾਕੀ ਸਫਾ 2 'ਤੇ)

# ਚੀਮਾ ਵੱਲੋਂ ਮੁਲਾਜ਼ਮ ਯੂਨੀਅਨਾਂ ਨਾਲ ਮੀਟਿੰਗਾਂ, ਜਾਇਜ਼ ਮੰਗਾਂ 'ਤੇ ਜਲਦੀ ਕਾਰਵਾਈ ਦਾ ਦਿੱਤਾ ਭਰੋਸਾ

ਚੰਡੀਗੜ੍ਹ, 21 ਅਪ੍ਰੈਲ (ਚ.ਨ.ਸ.): ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਮੁਲਾਜਮ ਤੇ ਵਰਕਰ ਯੂਨੀਅਨਾਂ ਦੇ ਵਫ਼ਦਾਂ ਨਾਲ ਲੜੀਵਾਰ ਮੀਟਿੰਗਾਂ



ਕੀਤੀਆਂ, ਜਿੱਥੇ ਉਨ੍ਹਾਂ ਨੇ ਉਨ੍ਹਾਂ ਦੀਆਂ ਮੰਗਾਂ ਨੂੰ ਵਿਸਥਾਰ ਨਾਲ ਸੁਣਿਆ ਅਤੇ ਜਾਇਜ਼ ਮਸਲਿਆਂ ਦੇ ਜਲਦ ਹੱਲ ਦਾ ਭਰੋਸਾ ਦਿੱਤਾ। ਮੁਲਾਜ਼ਮਾਂ ਦੀ ਭਲਾਈ ਪ੍ਰਤੀ ਭਗਵੰਤ ਮਾਨ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ, ਉਨ੍ਹਾਂ ਨੇ ਵਿਭਾਗਾਂ ਨੂੰ ਤੁਰੰਤ ਕਾਰਵਾਈ ਕਰਨ ਅਤੇ ਵਿੱਤੀ ਪ੍ਰਵਾਨਗੀ ਦੀ ਲੋੜ ਵਾਲੇ ਮਾਮਲਿਆਂ ਵਿੱਚ ਤਜਵੀਜ਼ਾਂ ਭੇਜਣ ਦੇ ਨਿਰਦੇਸ਼ ਦਿੱਤੇ। ਇਨ੍ਹਾਂ ਮੀਟਿੰਗਾਂ ਦੌਰਾਨ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਆਰਟ ਐਂਡ ਕਰਾਫਟ ਟੈੱਟ ਪਾਸ ਬੇਰੁਜ਼ਗਾਰ ਅਧਿਆਪਕ ਯੂਨੀਅਨ, ਲਾਲ ਝੰਡਾ ਮਿਡ-ਡੇ-ਮੀਲ ਵਰਕਰਜ਼ ਯੂਨੀਅਨ ਅਤੇ ਡੈਮੋਕ੍ਰੇਟਿਕ ਮਿਡ ਡੇ ਮੀਲ ਕੁੱਕ ਫਰੰਟ ਦੇ ਵਫ਼ਦਾਂ ਨਾਲ ਵਿਸਤ੍ਰਿਤ ਗੱਲਬਾਤ ਕੀਤੀ। ਇਸ ਤੋਂ ਇਲਾਵਾ, ਓਵਰਏਜ ਬੇਰੁਜ਼ਗਾਰ ਅਧਿਆਪਕ ਯੂਨੀਅਨ ਅਤੇ ਪੰਜਾਬ ਨੰਬਰਦਾਰ ਯੂਨੀਅਨ ਦੇ ਨੁਮਾਇੰਦਿਆਂ ਨਾਲ ਵੀ ਵਿਆਪਕ ਵਿਚਾਰ-ਵਟਾਂਦਰਾ ਕੀਤਾ।

ਵਿੱਤ ਮੰਤਰੀ ਨੇ ਗੱਲਬਾਤ ਦੌਰਾਨ ਯੂਨੀਅਨ ਆਗੂਆਂ ਵੱਲੋਂ ਉਠਾਏ ਗਏ ਮਸਲਿਆਂ ਅਤੇ ਮੰਗਾਂ ਨੂੰ ਧੀਰਜ, ਹਮਦਰਦੀ ਅਤੇ ਪੂਰੇ ਧਿਆਨ ਨਾਲ ਸੁਣਿਆ। ਵਿਸਤ੍ਰਿਤ ਵਿਚਾਰ-ਵਟਾਂਦਰੇ ਤੋਂ ਬਾਅਦ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਉਜਾਗਰ ਕੀਤੀਆਂ ਗਈਆਂ ਸਮੱਸਿਆਵਾਂ ਨੂੰ ਦੂਰ ਕਰਨ ਲਈ ਫੈਸਲਾਕੁੰਨ ਪ੍ਰਸ਼ਾਸਨਿਕ ਕਦਮ ਚੁੱਕੇ। ਮੁਲਾਜ਼ਮਾਂ ਦੇ ਮੁੱਦਿਆਂ ਪ੍ਰਤੀ ਹਮਦਰਦੀ ਅਤੇ ਵਿਹਾਰਕ ਪਹੁੰਚ ਅਪਣਾਉਂਦਿਆਂ, ਉਨ੍ਹਾਂ ਨੇ ਸਬੰਧਤ ਪ੍ਰਸ਼ਾਸਨਿਕ ਵਿਭਾਗਾਂ ਦੇ ਅਧਿਕਾਰੀਆਂ ਨੂੰ ਯੂਨੀਅਨਾਂ ਵੱਲੋਂ ਉਠਾਈਆਂ ਗਈਆਂ ਸਾਰੀਆਂ ਜਾਇਜ਼ ਅਤੇ ਤਰਕਸੰਗਤ ਮੰਗਾਂ ਨੂੰ ਪੂਰਾ ਕਰਨ ਲਈ ਤੁਰੰਤ ਕਾਰਵਾਈ ਸ਼ੁਰੂ ਕਰਨ ਦੇ ਨਿਰਦੇਸ਼ ਜਾਰੀ ਕੀਤੇ। ਇਸ ਤੋਂ ਇਲਾਵਾ, ਜਿਨ੍ਹਾਂ ਮਾਮਲਿਆਂ ਵਿੱਚ ਵਿਸ਼ੇਸ਼ ਵਿੱਤੀ ਪ੍ਰਵਾਨਗੀਆਂ ਦੀ ਲੋੜ ਹੈ, ਉਨ੍ਹਾਂ ਲਈ ਵਿੱਤ ਮੰਤਰੀ ਨੇ ਸਬੰਧਤ ਪ੍ਰਸ਼ਾਸਨਿਕ ਵਿਭਾਗਾਂ ਨੂੰ ਨਿਰਦੇਸ਼ ਦਿੱਤੇ ਕਿ ਉਹ ਤੁਰੰਤ ਵਿਚਾਰ ਅਤੇ ਮਨਜ਼ੂਰੀ ਨੂੰ ਯਕੀਨੀ ਬਣਾਉਣ ਲਈ ਵਿੱਤ ਵਿਭਾਗ ਨੂੰ ਵਿਸਤ੍ਰਿਤ ਤਜਵੀਜ਼ਾਂ ਤਿਆਰ ਕਰਕੇ ਭੇਜਣ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, "ਯੂਨੀਅਨ ਨੁਮਾਇੰਦਿਆਂ ਨਾਲ ਸਰਗਰਮੀ ਨਾਲ ਰਾਬਤਾ ਕਾਇਮ ਕਰਕੇ ਅਤੇ ਸ਼ਿਕਾਇਤਾਂ ਦੇ ਨਿਪਟਾਰੇ ਲਈ ਦਫ਼ਤਰੀ ਪ੍ਰਕਿਰਿਆਵਾਂ ਵਿੱਚ ਤੇਜ਼ੀ ਲਿਆ ਕੇ, ਭਗਵੰਤ ਮਾਨ ਸਰਕਾਰ ਦਾ ਉਦੇਸ਼ ਸੂਬੇ ਦੇ ਸਾਰੇ ਮੁਲਾਜ਼ਮਾਂ ਤੇ ਕੰਮਕਾਜੀ ਸਮੂਹਾਂ ਦੀ ਭਲਾਈ, ਵਿੱਤੀ ਸੁਰੱਖਿਆ ਅਤੇ ਪੇਸ਼ੇਵਰ ਸੰਤੁਸ਼ਟੀ ਨੂੰ ਯਕੀਨੀ ਬਣਾਉਣਾ ਹੈ।" ਇਨ੍ਹਾਂ ਮੀਟਿੰਗਾਂ ਦੌਰਾਨ ਆਰਟ ਐਂਡ ਕਰਾਫਟ ਟੈੱਟ ਪਾਸ ਬੇਰੁਜ਼ਗਾਰ ਅਧਿਆਪਕ ਯੂਨੀਅਨ ਤੋਂ ਹਰਜਿੰਦਰ ਸਿੰਘ ਅਤੇ ਹਰਪ੍ਰੀਤ ਸਿੰਘ, ਲਾਲ ਝੰਡਾ ਮਿਡ-ਡੇ-ਮੀਲ ਵਰਕਰਜ਼ ਯੂਨੀਅਨ ਤੋਂ ਜਸਮੇਲ ਕੌਰ ਬੀਰਕਲਾਂ, ਖੁਸ਼ਪ੍ਰੀਤ ਕੌਰ ਅਤੇ ਦੇਵ ਰਾਜ ਵਰਮਾ, ਡੈਮੋਕ੍ਰੇਟਿਕ ਮਿਡ ਡੇ ਮੀਲ ਕੁੱਕ ਫਰੰਟ ਤੋਂ ਹਰਜਿੰਦਰ ਕੌਰ, ਸਿਮਰਜੀਤ ਕੌਰ, ਮੁਕੇਸ਼ ਰਾਣੀ ਅਤੇ ਜ਼ੈਲ ਕੌਰ, ਓਵਰਏਜ ਬੇਰੁਜ਼ਗਾਰ ਅਧਿਆਪਕ ਯੂਨੀਅਨ ਤੋਂ ਰਮਨ ਕੁਮਾਰ ਮਲੋਟ ਅਤੇ ਲਲਿਤਾ, ਅਤੇ ਪੰਜਾਬ ਨੰਬਰਦਾਰ ਯੂਨੀਅਨ ਤੋਂ ਗੁਰਪਾਲ ਸਿੰਘ ਸਮਰਾ, ਰਛਪਾਲ ਸਿੰਘ, ਸੁਰਜੀਤ ਸਿੰਘ ਅਤੇ ਗੁਰਦਰਸ਼ਨ ਸਿੰਘ ਨੇ ਆਪਣੇ ਮਸਲੇ ਅਤੇ ਮੰਗਾਂ ਉਠਾਈਆਂ।

# ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਾਲੇ ਕਾਰਟੇਲਾਂ ਨਾਲ ਸਬੰਧਤ ਪੰਜ ਵਿਅਕਤੀ 7 ਕਿਲੋ ਹੈਰੋਇਨ ਸਮੇਤ ਕਾਬੂ

ਚੰਡੀਗੜ੍ਹ/ਅੰਮ੍ਰਿਤਸਰ, 21 ਅਪ੍ਰੈਲ (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ



ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਦੌਰਾਨ ਵੱਡੀ ਸਫਲਤਾ ਹਾਸਲ ਕਰਦਿਆਂ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਪੰਜ ਮੁਲਜ਼ਮਾਂ ਨੂੰ 7.050 ਕਿਲੋਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕਰਕੇ ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਾਲੇ ਦੋ ਕਾਰਟੇਲਾਂ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਦੀਪਕ ਸਿੰਘ ਉਰਫ਼ ਦੀਪੂ (22) ਵਾਸੀ ਹਰਕ੍ਰਿਸ਼ਨ ਨਗਰ ਛੇਹਰਟਾ, ਅੰਮ੍ਰਿਤਸਰ; ਪ੍ਰਿੰਸ ਸਿੰਘ ਉਰਫ਼ ਪ੍ਰਿੰਸ ਵਾਸੀ ਪਿੰਡ ਕੋਹਾਲਾ, ਅੰਮ੍ਰਿਤਸਰ; ਰਜਿੰਦਰ ਸਿੰਘ ਉਰਫ਼ ਘੁੱਦੂ (23), ਰਣਦੀਪ ਸਿੰਘ ਉਰਫ਼ ਦਿਲ (19) ਅਤੇ ਗੁਰਪ੍ਰੀਤ ਸਿੰਘ ਉਰਫ਼ ਗੋਪੀ (21) ਵਜੋਂ ਹੋਈ ਹੈ, ਤਿੰਨੋਂ ਨਿਵਾਸੀ ਪਿੰਡ ਸੈਂਸਰਾ ਕਲਾਂ, ਅੰਮ੍ਰਿਤਸਰ ਵਜੋਂ ਹੋਈ ਹੈ। ਹੈਰੋਇਨ ਬਰਾਮਦ ਕਰਨ ਤੋਂ ਇਲਾਵਾ ਪੁਲਿਸ ਟੀਮਾਂ ਨੇ ਉਨ੍ਹਾਂ ਦਾ ਮੋਟਰਸਾਈਕਲ ਵੀ ਜ਼ਬਤ ਕਰ ਲਿਆ ਹੈ, ਜਿਸ 'ਤੇ ਉਹ ਨਸ਼ਿਆਂ ਦੀ ਤਸਕਰੀ ਕਰ ਰਹੇ ਸਨ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਪਾਕਿਸਤਾਨ ਸਥਿਤ ਇੱਕ ਤਸਕਰ ਦੇ ਸੰਪਰਕ ਵਿੱਚ ਸਨ, ਜੋ ਡਰੋਨ ਰਾਹੀਂ ਖੇਪ ਭੇਜ ਕੇ ਆਪਣੇ ਸਥਾਨਕ ਹੈਂਡਲਰਾਂ ਰਾਹੀਂ ਪੰਜਾਬ ਭਰ ਵਿੱਚ ਇਸ ਦੀ ਸਪਲਾਈ ਕਰ ਰਿਹਾ ਸੀ। ਡੀਜੀਪੀ ਨੇ ਕਿਹਾ ਕਿ ਇਸ ਨਸ਼ਾ ਤਸਕਰੀ ਨੈੱਟਵਰਕ ਦੇ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਜਾਰੀ ਹੈ। ਇਸ ਸਬੰਧੀ ਹੋਰ ਵੇਰਵੇ ਸਾਂਝੇ ਕਰਦਿਆਂ ਪੁਲਿਸ ਕਮਿਸ਼ਨਰ (ਸੀਪੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਭਰੋਸੇਯੋਗ ਜਾਣਕਾਰੀ ਦੇ ਆਧਾਰ 'ਤੇ ਚਲਾਏ ਗਏ ਇੱਕ ਟੀਕਾਗਤ ਆਪ੍ਰੇਸ਼ਨ ਦੌਰਾਨ, ਪੁਲਿਸ ਟੀਮਾਂ ਨੇ ਦੀਪਕ ਸਿੰਘ ਉਰਫ਼ ਦੀਪੂ ਨੂੰ 1.3 ਕਿਲੋ ਹੈਰੋਇਨ ਸਮੇਤ ਗ੍ਰਿਫ਼ਤਾਰ ਕਰ ਲਿਆ। ਮੁਲਜ਼ਮ ਤੋਂ ਕੀਤੀ ਗਈ ਪੁੱਛਗਿੱਛ ਦੌਰਾਨ ਪੁਲਿਸ ਨੂੰ ਹੋਰ 2.6 ਕਿਲੋ ਹੈਰੋਇਨ ਬਰਾਮਦ ਕਰਨ ਵਿੱਚ ਸਫਲਤਾ ਮਿਲੀ, ਜਿਸ ਨਾਲ ਇਸ ਦੀ ਕੁੱਲ ਬਰਾਮਦਗੀ 4.04 ਕਿਲੋ ਹੈਰੋਇਨ ਹੋ ਗਈ।

ਉਨ੍ਹਾਂ ਕਿਹਾ ਕਿ ਪਾਕਿਸਤਾਨ ਅਧਾਰਤ ਹੈਂਡਲਰ ਬਾਰੇ ਹੋਰ ਜਾਂਚ ਦੌਰਾਨ, ਪੁਲਿਸ ਟੀਮਾਂ ਨੇ ਤਿੰਨ ਹੋਰ ਮੁਲਜ਼ਮਾਂ ਰਜਿੰਦਰ ਉਰਫ਼ ਘੁੱਦੂ, ਰਣਦੀਪ ਉਰਫ਼ ਦਿਲ ਤੇ ਗੁਰਪ੍ਰੀਤ ਉਰਫ਼ ਗੋਪੀ ਨੂੰ 1.01 ਕਿਲੋ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ। ਗ੍ਰਿਫ਼ਤਾਰ ਮੁਲਜ਼ਮ ਵੱਲੋਂ ਕੀਤੇ ਹੋਰ ਖੁਲਾਸੇ ਦੇ ਆਧਾਰ 'ਤੇ, ਉਨ੍ਹਾਂ ਦੇ ਚੌਥੇ ਸਾਥੀ, ਪ੍ਰਿੰਸ ਸਿੰਘ ਉਰਫ਼ ਪ੍ਰਿੰਸ ਨੂੰ ਵੀ 2 ਕਿਲੋ ਹੈਰੋਇਨ ਸਮੇਤ ਗ੍ਰਿਫ਼ਤਾਰ ਕਰ ਲਿਆ ਗਿਆ। ਪੁਲਿਸ ਕਮਿਸ਼ਨ ਨੇ ਕਿਹਾ ਕਿ ਗ੍ਰਿਫ਼ਤਾਰ ਮੁਲਜ਼ਮ ਦੀਪਕ ਉਰਫ਼ ਦੀਪੂ 'ਤੇ ਐਨਡੀਪੀਐਸ ਐਕਟ ਤਹਿਤ ਪਹਿਲਾਂ ਵੀ ਖੰਨਾ ਥਾਣੇ ਵਿਖੇ ਅਪਰਾਧਿਕ ਕੇਸ ਦਰਜ ਹੈ। ਇਸ ਸਬੰਧੀ ਦੋ ਵੱਖ-ਵੱਖ ਮਾਮਲੇ ਥਾਣਾ ਛੇਹਰਟਾ ਵਿਖੇ ਐਨਡੀਪੀਐਸ ਐਕਟ ਦੀ ਧਾਰਾ 21-ਸੀ ਅਧੀਨ ਐਫਆਈਆਰ ਨੰਬਰ 77 ਮਿਤੀ 08-04-2026 ਅਤੇ ਥਾਣਾ ਛਾਉਣੀ ਵਿਖੇ ਐਨਡੀਪੀਐਸ ਐਕਟ ਦੀ ਧਾਰਾ 21-ਸੀ ਅਧੀਨ ਐਫਆਈਆਰ ਨੰਬਰ 61 ਮਿਤੀ 17-04-2026 ਦਰਜ ਕੀਤੇ ਗਏ ਹਨ।

# 'ਗੈਂਗਸਟਰਾਂ ਤੇ ਵਾਰ' ਦੀ ਸ਼ੁਰੂਆਤ ਤੋਂ ਬਾਅਦ ਪੰਜਾਬ 'ਚ ਗੈਂਗਸਟਰਾਂ ਸਬੰਧੀ ਹੱਤਿਆਵਾਂ ਵਿੱਚ ਆਈ ਭਾਰੀ ਕਮੀ

ਚੰਡੀਗੜ੍ਹ, 21 ਅਪ੍ਰੈਲ (ਚ.ਨ.ਸ.): ਪੰਜਾਬ ਪੁਲਿਸ ਵੱਲੋਂ ਚਲਾਏ ਜਾ ਰਹੇ ਆਪ੍ਰੇਸ਼ਨ "ਗੈਂਗਸਟਰਾਂ ਤੇ ਵਾਰ" ਦੀ ਸਫ਼ਲਤਾ ਸਿਰਫ਼ ਅਪਰਾਧੀਆਂ ਦੀ ਗ੍ਰਿਫ਼ਤਾਰੀ ਤੇ ਨਸ਼ਿਆਂ ਦੀ ਬਰਾਮਦਗੀ ਤੱਕ ਹੀ ਸੀਮਿਤ ਨਹੀਂ, ਸਗੋਂ ਇਸ ਮੁਹਿੰਮ ਨੇ ਗੈਂਗਸਟਰ ਨੈੱਟਵਰਕ ਦੀਆਂ ਜੜ੍ਹਾਂ 'ਤੇ ਵਾਰ ਕੀਤਾ ਹੈ, ਜਿਸ ਨਾਲ ਪੂਰੇ ਸੂਬੇ ਵਿੱਚ ਅਪਰਾਧ ਦਰ ਵਿੱਚ ਮਹੱਤਵਪੂਰਨ ਕਟੌਤੀ ਆਈ ਹੈ। ਪੰਜਾਬ ਪੁਲਿਸ ਦੇ ਨਿਰੰਤਰ ਯਤਨਾਂ ਸਦਕਾ "ਗੈਂਗਸਟਰਾਂ 'ਤੇ ਵਾਰ" ਦੇ ਸ਼ੁਰੂ ਹੋਣ ਤੋਂ ਤਿੰਨ ਮਹੀਨਿਆਂ ਦੇ ਅੰਦਰ ਹੀ ਸੰਗਠਿਤ ਅਪਰਾਧ ਵਿੱਚ ਭਾਰੀ ਕਮੀ ਦਰਜ ਕੀਤੀ ਗਈ ਹੈ। ਸੂਬੇ ਵਿੱਚ ਗੈਂਗਸਟਰਾਂ ਨਾਲ ਸਬੰਧਤ ਹੱਤਿਆ ਦੇ ਮਾਮਲਿਆਂ ਵਿੱਚ 100 ਫੀਸਦੀ ਕਮੀ ਆਈ ਹੈ। ਜਿੱਥੇ, ਜਨਵਰੀ ਮਹੀਨੇ ਵਿੱਚ ਅਜਿਹੇ ਚਾਰ ਮਾਮਲੇ ਦਰਜ ਹੋਏ ਸਨ, ਉੱਥੇ ਮਾਰਚ ਵਿੱਚ ਇਹ ਗਿਣਤੀ ਸਿਫ਼ਰ ਹੋ ਗਈ ਹੈ। ਸਿਰਫ਼ ਹੱਤਿਆਵਾਂ ਹੀ ਨਹੀਂ, ਸਗੋਂ ਗੈਂਗਸਟਰਾਂ ਨਾਲ ਜੁੜੀਆਂ ਫਾਇਰਿੰਗ ਦੀਆਂ ਘਟਨਾਵਾਂ ਵਿੱਚ ਵੀ 69 ਫੀਸਦੀ ਦੀ ਭਾਰੀ ਕਮੀ ਵੇਖੀ ਗਈ ਹੈ। ਸਾਲ ਦੇ ਪਹਿਲੇ ਮਹੀਨੇ ਵਿੱਚ ਫਾਇਰਿੰਗ ਦੀਆਂ 29 ਘਟਨਾਵਾਂ ਦੇ ਮੁਕਾਬਲੇ 20 ਅਪ੍ਰੈਲ ਤੱਕ ਇਹ ਗਿਣਤੀ ਘਟ ਕੇ ਸਿਰਫ਼ 9 ਰਹਿ ਗਈ। ਇਸੇ ਤਰ੍ਹਾਂ ਜ਼ਬਰਨ ਵਸੂਲੀ ਦੇ ਮਾਮਲਿਆਂ ਵਿੱਚ ਵੀ 10.9 ਫੀਸਦੀ ਕਮੀ ਆਈ ਹੈ। ਜਨਵਰੀ ਵਿੱਚ 110 ਮਾਮਲਿਆਂ ਦੇ ਮੁਕਾਬਲੇ ਮਾਰਚ ਵਿੱਚ ਇਹ ਗਿਣਤੀ ਘਟ ਕੇ 98 ਰਹਿ ਗਈ ਹੈ।

ਟੋਲ-ਫਰੀ ਐਂਟੀ-ਗੈਂਗਸਟਰ ਹੈਲਪਲਾਈਨ(93946-93946) ਦੀ ਸਥਾਪਨਾ ਤੋਂ ਬਾਅਦ, ਜ਼ਬਰਨ ਵਸੂਲੀ ਨਾਲ ਸਬੰਧਤ ਕਾਲਾਂ ਦੀ ਸ਼ਿਕਾਇਤ ਕਰਨ ਲਈ ਜ਼ਿਆਦਾ ਨਾਗਰਿਕ ਅੱਗੇ ਆ ਰਹੇ ਹਨ। ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਕਿਹਾ, "ਪੰਜਾਬ ਪੁਲਿਸ ਨੇ ਨਾ ਸਿਰਫ਼ ਸੂਬੇ ਵਿੱਚ ਅਪਰਾਧ ਦਰ ਨੂੰ ਕੰਟਰੋਲ ਕੀਤਾ ਹੈ, ਸਗੋਂ "ਗੈਂਗਸਟਰਾਂ 'ਤੇ ਵਾਰ" ਮੁਹਿੰਮ ਰਾਹੀਂ ਲੋਕਾਂ ਦਾ ਭਰੋਸਾ ਵੀ ਜਿੱਤਿਆ ਹੈ। ਰਿਕਾਰਡ ਤੋਂ ਪਤਾ ਲਗਦਾ ਹੈ ਕਿ ਅਪਰਾਧੀ ਨੈੱਟਵਰਕ ਨੂੰ ਖ਼ਤਮ ਕਰਨ ਲਈ ਕਿੰਨੀ ਸੁਹਿਰਦਤਾ ਨਾਲ ਕੰਮ ਕੀਤਾ ਗਿਆ ਹੈ। ਇਹ ਤਾਂ ਸਿਰਫ਼ ਸ਼ੁਰੂਆਤ ਹੈ ਕਿਉਂਕਿ ਪੰਜਾਬ ਪੁਲਿਸ ਗੈਂਗਸਟਰ ਕਲਚਰ ਦੇ ਮੁਕੰਮਲ ਖ਼ਾਤਮੇ ਲਈ ਨਿਰੰਤਰ ਕਾਰਵਾਈ ਕਰ ਰਹੀ ਹੈ।" ਵਿਸ਼ਲੇਸ਼ਣ ਅਨੁਸਾਰ, ਇਸ ਮਿਆਦ ਦੌਰਾਨ ਜ਼ਬਰਨ ਵਸੂਲੀ ਦੇ ਕੁੱਲ ਮਾਮਲਿਆਂ 'ਚ ਵੀ ਲਗਭਗ 11 ਫੀਸਦੀ ਦੀ ਕਮੀ ਆਈ ਹੈ। ਇਸ ਮੁਹਿੰਮ ਦਾ ਪ੍ਰਭਾਵ ਹਿੰਸਕ ਅਪਰਾਧਕ ਗਤੀਵਿਧੀਆਂ 'ਤੇ ਵੀ ਸਪੱਸ਼ਟ ਰੂਪ ਵਿੱਚ ਦਿਖ ਰਿਹਾ ਹੈ। ਇਸ ਦੀ ਕਾਮਯਾਬੀ ਸਿਰਫ਼ ਸ਼ਹਿਰਾਂ ਤੇ ਜ਼ਿਲ੍ਹਿਆਂ ਤੱਕ ਹੀ ਸੀਮਤ ਨਹੀਂ ਸਗੋਂ ਸਰਹੱਦੀ ਇਲਾਕਿਆਂ ਵਿੱਚ ਵੀ ਵੇਖੀ ਜਾ ਰਹੀ ਹੈ।

ਅੰਕੜੇ ਇਹ ਵੀ ਦਰਸਾਉਂਦੇ ਹਨ ਕਿ ਸੰਗਠਿਤ ਅਪਰਾਧ ਵਿੱਚ ਮਹੱਤਵਪੂਰਨ ਕਟੌਤੀ ਆਈ ਹੈ, ਜੋ ਪਹਿਲਾਂ ਗੈਂਗਸਟਰ ਕਲਚਰ ਦੇ ਵਾਧੇ ਦਾ ਵੱਡਾ ਸਾਧਨ ਬਣ ਰਿਹਾ ਸੀ। ਇਸ ਬਾਰੇ ਡੀਜੀਪੀ ਗੌਰਵ ਯਾਦਵ ਨੇ ਕਿਹਾ, "ਇਹ ਆਪਰੇਸ਼ਨ ਸਿਰਫ਼ ਵੱਡੇ ਗੈਂਗਸਟਰਾਂ 'ਤੇ ਨਕੇਲ ਕੱਸਣ ਤੱਕ ਸੀਮਿਤ ਨਹੀਂ ਸਗੋਂ ਪੰਜਾਬ ਵਿੱਚ ਉਨ੍ਹਾਂ ਦੇ ਪੂਰੇ ਨੈੱਟਵਰਕ 'ਤੇ ਵੀ ਕਾਰਵਾਈ ਕੀਤੀ ਜਾ ਰਹੀ ਹੈ। ਛੋਟੇ ਅਪਰਾਧਾਂ ਵਿੱਚ ਸ਼ਾਮਲ ਲੋਕਾਂ ਨੂੰ ਗੈਂਗ ਵਿੱਚ ਭਰਤੀ ਕਰਨ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ। ਅਜਿਹੇ ਤੱਤਾਂ 'ਤੇ ਸਖ਼ਤੀ ਨਾਲ ਕਾਰਵਾਈ ਕਰਕੇ ਅਸੀਂ ਉਨ੍ਹਾਂ ਦੇ ਨੈੱਟਵਰਕ ਨੂੰ ਬੇਅਸਰ ਕੀਤਾ ਹੈ ਅਤੇ ਸੂਬੇ ਵਿੱਚ ਅਪਰਾਧ ਪ੍ਰਤੀ 'ਜ਼ੀਰੋ ਟੋਲਰੈਂਸ' ਨੀਤੀ ਨੂੰ ਮਜ਼ਬੂਤ ਕੀਤਾ ਹੈ।"

# ਸਹਾਇਕ ਸਬ-ਇੰਸਪੈਕਟਰ 33,500 ਰਿਸ਼ਵਤ ਲੈਂਦਾ ਵਿਜੀਲੈਂਸ ਵੱਲੋਂ ਰੰਗੇ ਹੱਥੀਂ ਕਾਬੂ

ਚੰਡੀਗੜ੍ਹ, 21 ਅਪ੍ਰੈਲ (ਚ.ਨ.ਸ.): ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ 'ਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ ਪੁਲਿਸ ਥਾਣਾ ਜੈਤੋ,ਜ਼ਿਲ੍ਹਾ ਫਰੀਦਕੋਟ 'ਚ ਤਾਇਨਾਤ ਸਹਾਇਕ ਸਬ-ਇੰਸਪੈਕਟਰ ਹਰਪਾਲ ਸਿੰਘ ਨੂੰ 33,500 ਰੁਪਏ ਰਿਸ਼ਵਤ ਲੈਂਦੇ ਰੰਗੇ ਹੱਥੀਂ ਕਾਬੂ ਕੀਤਾ ਹੈ। ਇਹ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਜੈਤੋ ਤਹਿਸੀਲ ਜ਼ਿਲ੍ਹਾ ਫਰੀਦਕੋਟ ਦੇ ਇੱਕ ਨਿਵਾਸੀ ਵੱਲੋਂ ਦਰਜ ਕਰਵਾਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤਕਰਤਾ ਦੇ ਪਤੀ ਤੇ ਸੱਸ ਵਿਰੁੱਧ ਐਨਡੀਪੀਐਸ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਸੀ, ਜਿਸ ਵਿੱਚ ਉਕਤ ਏਐਸਆਈ ਹਰਪਾਲ ਸਿੰਘ ਜਾਂਚ ਅਧਿਕਾਰੀ ਸੀ। ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਕਿ ਮੁਲਜਮ ਏਐਸਆਈ ਨੇ ਇਸ ਕੇਸ 'ਚ ਉਸਦੀ ਮਦਦ ਕਰਨ ਤੇ ਪੁਲਿਸ ਰਿਮਾਂਡ ਨਾ ਲੈਣ ਦੇ ਬਦਲੇ 2 ਲੱਖ ਰੁਪਏ ਰਿਸ਼ਵਤ ਦੀ ਮੰਗ ਕੀਤੀ ਸੀ। ਸ਼ਿਕਾਇਤ ਕਰਤਾ ਵੱਲੋਂ ਬੇਨਤੀ ਕਰਨ 'ਤੇ, ਸੌਦਾ 80,000 ਰੁਪਏ 'ਚ ਤੈਅ ਹੋ ਗਿਆ ਤੇ ਉਕਤ ਅਧਿਕਾਰੀ ਨੇ ਪਹਿਲੀ ਕਿਸ਼ਤ ਵਜੋਂ ਸ਼ਿਕਾਇਤਕਰਤਾ ਤੋਂ 40,000/- ਰੁਪਏ ਲੈ ਲਏ।

ਬੁਲਾਰੇ ਨੇ ਦੱਸਿਆ ਕਿ ਫਿਰ ਦੋਸ਼ੀ ਏਐਸਆਈ ਨੇ ਸ਼ਿਕਾਇਤਕਰਤਾ ਤੋਂ 40,000/- ਰੁਪਏ ਦੀ ਰਿਸ਼ਵਤ ਦੀ ਦੂਜੀ ਕਿਸ਼ਤ ਦੀ ਵੀ ਮੰਗ ਕੀਤੀ। ਸ਼ਿਕਾਇਤਕਰਤਾ ਨੇ ਰਿਸ਼ਵਤ ਮੰਗਣ ਦੀ ਪੂਰੀ ਗੱਲਬਾਤ ਰਿਕਾਰਡ ਕਰ ਲਈ ਸੀ। ਸ਼ਿਕਾਇਤਕਰਤਾ ਕੋਈ ਵੀ ਗੈਰ-ਕਾਨੂੰਨੀ ਢੰਗ ਅਪਨਾਉਣ ਲਈ ਤਿਆਰ ਨਹੀਂ ਸੀ, ਇਸ ਲਈ ਉਸਨੇ ਵਿਜੀਲੈਂਸ ਬਿਊਰੋ ਯੂਨਿਟ, ਫਰੀਦਕੋਟ ਨਾਲ ਰਾਬਤਾ ਕੀਤਾ। ਉਸਦੀ ਸ਼ਿਕਾਇਤ 'ਤੇ ਮੁੱਢਲੀ ਜਾਂਚ ਤੋਂ ਬਾਅਦ, ਵਿਜੀਲੈਂਸ ਬਿਊਰੋ ਦੀ ਟੀਮ ਨੇ ਦੋਸ਼ੀ ਏਐਸਆਈ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 33,500/- ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ। ਇਸ ਸਬੰਧ ਵਿੱਚ ਵਿਜੀਲੈਂਸ ਬਿਊਰੋ ਦੇ ਥਾਣਾ ਫਿਰੋਜ਼ਪੁਰ ਵਿਖੇ ਦੋਸ਼ੀ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਹੈ ਤੇ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

## ਵਿਜੀਲੈਂਸ ਵੱਲੋਂ ਮਾਰਚ ਮਹੀਨੇ 'ਚ ਰਿਸ਼ਵਤਖੋਰੀ ਦੇ 9 ਮਾਮਲਿਆਂ 'ਚ 10 ਕਾਬੂ

ਚੰਡੀਗੜ੍ਹ, 21 ਅਪ੍ਰੈਲ (ਚ.ਨ.ਸ.): ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਆਪਣੀ ਮੁਹਿੰਮ ਤਹਿਤ ਮਾਰਚ ਮਹੀਨੇ ਦੌਰਾਨ 9 ਵੱਖ-ਵੱਖ ਟਰੈਪ ਕੇਸਾਂ 'ਚ 9 ਸਰਕਾਰੀ ਅਧਿਕਾਰੀਆਂ ਤੇ ਇੱਕ ਪ੍ਰਾਈਵੇਟ ਵਿਅਕਤੀ ਨੂੰ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕਰਨ ਵਿੱਚ ਸਫਲਤਾ ਹਾਸਿਲ ਕੀਤੀ ਹੈ। ਇਹ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਕਿਹਾ ਕਿ ਵਿਜੀਲੈਂਸ ਬਿਊਰੋ ਨੇ ਇਸ ਸਮੇਂ ਦੌਰਾਨ ਸਰਕਾਰੀ ਕਰਮਚਾਰੀਆਂ ਤੇ ਹਰ ਖੇਤਰ 'ਚ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਲਈ ਆਪਣੀ ਪੂਰੀ ਕੋਸ਼ਿਸ਼ ਕੀਤੀ ਹੈ। ਬੁਲਾਰੇ ਨੇ ਦੱਸਿਆ ਕਿ ਬਿਊਰੋ ਨੇ ਪਿਛਲੇ ਮਹੀਨੇ ਵੱਖ-ਵੱਖ ਸਮਰੱਥ ਅਦਾਲਤਾਂ ਵਿੱਚ 19 ਵਿਜੀਲੈਂਸ ਮਾਮਲਿਆਂ ਨਾਲ ਸਬੰਧਤ ਚਲਾਨ ਪੇਸ਼ ਕੀਤੇ ਹਨ। ਇਸ ਤੋਂ ਇਲਾਵਾ, ਭ੍ਰਿਸ਼ਟਾਚਾਰ ਦੇ ਮਾਮਲਿਆਂ ਦੀ ਡੂੰਘਾਈ ਨਾਲ ਜਾਂਚ ਕਰਨ ਲਈ 2 ਵਿਜੀਲੈਂਸ ਇੰਕੁਆਰੀਆਂ ਵੀ ਦਰਜ ਕੀਤੀ ਗਈਆਂ ਅਤੇ ਸਰਕਾਰੀ ਅਧਿਕਾਰੀ ਵਿਰੁੱਧ ਇੱਕ ਆਮਦਨ ਤੋਂ ਵੱਧ ਸੰਪਤੀ ਦਾ ਕੇਸ ਵੀ ਦਰਜ ਕੀਤਾ ਗਿਆ ਹੈ। ਬੁਲਾਰੇ ਨੇ ਅੱਗੇ ਕਿਹਾ ਕਿ 34 ਮੁਲਜ਼ਮਾਂ ਵਿਰੁੱਧ 4 ਅਪਰਾਧਿਕ ਮਾਮਲੇ ਦਰਜ ਕੀਤੇ ਗਏ ਹਨ, ਜਿਨ੍ਹਾਂ ਵਿੱਚ 26 ਸਰਕਾਰੀ ਕਰਮਚਾਰੀ ਸ਼ਾਮਲ ਹਨ।

# ਇੰਸਪੈਕਟਰ 30,000 ਰਿਸ਼ਵਤ ਲੈਂਦਾ ਵਿਜੀਲੈਂਸ ਵੱਲੋਂ ਰੰਗੇ ਹੱਥੀਂ ਕਾਬੂ

ਚੰਡੀਗੜ੍ਹ, 21 ਅਪ੍ਰੈਲ (ਵਿਸ਼ਾਲ ਸ਼ਰਮਾ): ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਸੂਬੇ 'ਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ ਥਾਣਾ ਡਿਵੀਜ਼ਨ ਨੰ. 4 ਲੁਧਿਆਣਾ ਵਿਖੇ ਐਸ.ਐਚ.ਓ. ਵਜੋਂ ਤਾਇਨਾਤ ਇੰਸਪੈਕਟਰ ਗੁਰਜੀਤ ਸਿੰਘ ਨੂੰ 30,000 ਰੁਪਏ ਰਿਸ਼ਵਤ ਲੈਂਦੇ ਰੰਗੇ ਹੱਥੀਂ ਕਾਬੂ ਕੀਤਾ ਹੈ। ਇਹ ਜਾਣਕਾਰੀ



ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਕਿਹਾ ਕਿ ਉਕਤ ਮੁਲਜ਼ਮ ਨੂੰ ਨੂਰਵਾਲਾ ਰੋਡ ਲੁਧਿਆਣਾ ਦੇ ਇੱਕ ਨਿਵਾਸੀ ਦੁਆਰਾ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਦੇ ਪੁੱਤਰ ਨੂੰ ਡਿਵੀਜ਼ਨ ਨੰ. 4 ਲੁਧਿਆਣਾ ਵਿਖੇ ਦਰਜ ਇੱਕ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਕਿ ਜਦੋਂ ਉਹ ਆਪਣੇ ਪੁੱਤਰ ਨੂੰ ਥਾਣਾ ਡਿਵੀਜ਼ਨ ਨੰ. 4 ਲੁਧਿਆਣਾ ਮਿਲਣ ਗਈ ਤਾਂ ਉਸਦੇ ਪੁੱਤਰ ਨੇ ਦੱਸਿਆ ਕਿ ਪੁਲਿਸ ਨੇ ਉਸਨੂੰ ਬੇਰਹਿਮੀ ਨਾਲ ਕੁੱਟਿਆ ਹੈ ਤੇ ਉਸਦੀ ਸੋਨੇ ਦੀ ਅੰਗੂਠੀ ਤੇ ਚਾਂਦੀ ਦਾ ਬਰੇਸਲੇਟ ਵੀ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ। ਇਸ ਸਬੰਧੀ ਮੁਲਜ਼ਮ ਇੰਸਪੈਕਟਰ ਨੇ ਸੋਨੇ ਦੀ ਅੰਗੂਠੀ ਤੇ ਚਾਂਦੀ ਦਾ ਬਰੇਸਲੇਟ ਵਾਪਸ ਕਰਨ ਲਈ 35,000 ਰੁਪਏ ਦੀ ਰਿਸ਼ਵਤ ਮੰਗੀ, ਪਰ ਸ਼ਿਕਾਇਤਕਰਤਾ ਨੇ ਰਿਸ਼ਵਤ ਮੰਗਣ ਦੀ ਪੂਰੀ ਗੱਲਬਾਤ ਰਿਕਾਰਡ ਕਰ ਲਈ। ਸ਼ਿਕਾਇਤਕਰਤਾ ਰਿਸ਼ਵਤ ਨਹੀਂ ਦੇਣਾ ਚਾਹੁੰਦਾ ਸੀ, ਇਸ ਲਈ ਉਸ ਨੇ ਵਿਜੀਲੈਂਸ ਬਿਊਰੋ, ਲੁਧਿਆਣਾ ਨਾਲ ਸੰਪਰਕ ਕੀਤਾ। ਉਸਦੀ ਸ਼ਿਕਾਇਤ 'ਤੇ ਮੁੱਢਲੀ ਜਾਂਚ ਤੋਂ ਬਾਅਦ, ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਜਿਸ ਦੌਰਾਨ ਮੁਲਜ਼ਮ ਇੰਸਪੈਕਟਰ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 30,000 ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਸਬੰਧੀ ਦੋਸ਼ੀ ਵਿਰੁੱਧ ਵਿਜੀਲੈਂਸ ਬਿਊਰੋ ਥਾਣਾ ਲੁਧਿਆਣਾ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਹੈ ਅਤੇ ਇਸ ਕੇਸ ਦੀ ਅਗਲੇਰੀ ਜਾਂਚ ਜਾਰੀ ਹੈ।

# ਹਰਚੰਦ ਸਿੰਘ ਬਰਸਟ ਵੱਲੋਂ ਪੀ.ਐਮ.ਬੀ. ਕੁਨੈਕਟ ਮੋਬਾਇਲ ਐਪ ਲਾਂਚ

ਐਸ.ਏ.ਐਸ. ਨਗਰ, 21 ਅਪ੍ਰੈਲ (ਚ.ਨ.ਸ.): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਪ੍ਰਸ਼ਾਸਨਿਕ ਢਾਂਚੇ 'ਚ ਪਾਰਦਰਸ਼ਤਾ ਤੇ ਡਿਜੀਟਲਾਈਜ਼ੇਸ਼ਨ ਲਿਆਉਣ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਹੋਇਆ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਵੱਲੋਂ ਅੱਜ ਇੱਕ ਅਹਿਮ ਮੋਬਾਈਲ ਐਪਲੀਕੇਸ਼ਨ 'ਪੀਐਮਬੀ ਕੁਨੈਕਟ' ਲਾਂਚ ਕੀਤੀ ਗਈ। ਪੰਜਾਬ ਮੰਡੀ ਬੋਰਡ ਦੇ ਮੁੱਖ ਦਫ਼ਤਰ ਵਿਖੇ ਆਯੋਜਿਤ ਸਮਾਗਮ ਦੌਰਾਨ ਇਸ ਐਪ ਨੂੰ ਲਾਂਚ ਕਰਦਿਆਂ ਬਰਸਟ ਨੇ ਕਿਹਾ ਕਿ ਇਹ ਕਦਮ ਮੰਡੀ ਪ੍ਰਣਾਲੀ ਨੂੰ ਡਿਜੀਟਲਾਈਜ਼ ਕਰਨ ਤੇ ਹੋਰ ਸੁਖਾਲੀ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ। ਇਸ ਐਪ ਰਾਹੀਂ ਖੇਤੀਬਾੜੀ ਸੈਕਟਰ ਨਾਲ ਜੁੜੇ ਸਾਰੇ ਸਟੇਕ ਹੋਲਡਰਾਂ, ਖਾਸ ਕਰਕੇ ਕਿਸਾਨਾਂ ਤੇ ਲਾਇਸੰਸ ਧਾਰਕਾਂ ਨੂੰ ਇੱਕੋ ਪਲੇਟਫਾਰਮ 'ਤੇ ਸਾਰੀ ਜਾਣਕਾਰੀ ਉਪਲਬਧ ਹੋਵੇਗੀ। ਇਸ ਮੌਕੇ ਤੇ ਹਰਚੰਦ ਸਿੰਘ ਬਰਸਟ ਨੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਇਹੀ ਯਤਨ ਹਨ ਕਿ ਕਿਸਾਨਾਂ ਨੂੰ ਆਪਣੇ ਕੰਮਾਂ ਲਈ ਸਰਕਾਰੀ ਦਫ਼ਤਰਾਂ ਦੇ ਚੱਕਰ ਨਾ ਲਗਾਉਣੇ ਪੈਣ। ਪੀਐਮਬੀ ਕੁਨੈਕਟ ਮੋਬਾਇਲ ਐਪ ਇਸ ਦਿਸ਼ਾ 'ਚ ਇੱਕ ਮੀਲ ਪੱਥਰ ਸਾਬਤ ਹੋਵੇਗੀ। ਇਹ ਐਪ ਸਿਰਫ਼ ਇੱਕ ਕਲਿੱਕ ਰਾਹੀਂ ਕਿਸਾਨਾਂ, ਲਾਇਸੰਸ ਧਾਰਕਾਂ, ਮਾਰਕੀਟ ਕਮੇਟੀਆਂ ਅਤੇ ਮੰਡੀ ਬੋਰਡ ਦੇ ਅਧਿਕਾਰੀਆਂ ਨੂੰ ਆਨਲਾਈਨ ਸੇਵਾਵਾਂ ਨਾਲ ਜੋੜੇਗੀ। ਉਨ੍ਹਾਂ ਦੱਸਿਆ ਕਿ ਇਸ ਐਪ ਦੀ ਸਭ ਤੋਂ ਵੱਡੀ ਖ਼ਾਸੀਅਤ ਕਿਸਾਨਾਂ ਨੂੰ ਮਿਲਣ ਵਾਲੀ ਸਹੂਲਤ ਹੈ। ਹੁਣ



ਕਿਸਾਨ ਆਪਣੇ ਸਾਰੇ ਜੇ-ਫਾਰਮ ਇੱਕੋ ਥਾਂ 'ਤੇ ਪ੍ਰਾਪਤ ਕਰ ਸਕਦੇ ਹਨ। ਉਹ ਇਨ੍ਹਾਂ ਨੂੰ ਵੇਖ ਸਕਦੇ ਹਨ, ਡਾਊਨਲੋਡ ਕਰ ਸਕਦੇ ਹਨ ਅਤੇ ਲੋੜ ਪੈਣ 'ਤੇ ਸਾਂਝਾ ਵੀ ਕਰ ਸਕਦੇ ਹਨ। ਇਸ ਸਹੂਲਤ ਨਾਲ ਕਿਸਾਨਾਂ ਦੀ ਲਾਇਸੰਸ ਧਾਰਕਾਂ ਤੇ ਸਰਕਾਰੀ ਦਫ਼ਤਰਾਂ 'ਤੇ ਨਿਰਭਰਤਾ ਘਟੇਗੀ, ਕਿਉਂਕਿ ਉਨ੍ਹਾਂ ਕੋਲ ਆਪਣੇ ਸਾਰੇ ਰਿਕਾਰਡ ਮੋਬਾਈਲ 'ਤੇ ਉਪਲਬਧ ਹੋਣਗੇ। ਇਸ ਤੋਂ ਇਲਾਵਾ ਲਾਇਸੰਸ ਧਾਰਕਾਂ ਲਈ ਇਹ ਐਪ ਉਨ੍ਹਾਂ ਦੇ ਕਾਰੋਬਾਰ ਨੂੰ ਸੁਖਾਲਾ ਬਣਾਏਗੀ। ਮੰਡੀ ਬੋਰਡ ਦਾ ਫੀਲਡ ਸਟਾਫ ਜੋ ਰੋਜਾਨਾ ਮੰਡੀ ਵਿੱਚ ਫਸਲ ਦੀ ਆਮਦ, ਖਰੀਦ ਤੇ ਚੁਕਾਈ ਦੀ ਰਿਪੋਰਟ ਕਰਦੇ ਹਨ, ਉਹ ਵੀ ਹੁਣ ਕਿਸੇ ਵੀ ਥਾਂ ਤੇ ਬੈਠ ਕੇ ਆਪਣੀ ਰਿਪੋਰਟ ਭੇਜ ਸਕਦੇ ਹਨ, ਇਸ ਨਾਲ ਡਾਟਾ ਪ੍ਰੋਸੈਸਿੰਗ ਤੇਜ਼ ਹੋਵੇਗਾ ਅਤੇ ਮੁੱਖ ਦਫ਼ਤਰ ਤੱਕ ਸਮੇਂ ਸਿਰ ਜਾਣਕਾਰੀ ਪਹੁੰਚੇਗੀ।

ਬਰਸਟ ਨੇ ਦੱਸਿਆ ਕਿ ਪੰਜਾਬ ਮੰਡੀ ਬੋਰਡ ਦੀ ਇਹ ਐਪ ਸੂਬੇ ਵਿੱਚ ਖੇਤੀਬਾੜੀ ਮੰਡੀਕਰਨ ਦੇ ਢਾਂਚੇ ਨੂੰ ਆਧੁਨਿਕ ਬਣਾਉਣ ਵੱਲ ਇੱਕ ਵੱਡਾ ਕਦਮ ਹੈ। ਇਹ ਐਪ ਜਿੱਥੇ ਸਮੇਂ ਦੀ ਬਚਤ ਕਰੇਗੀ, ਉੱਥੇ ਹੀ ਕੰਮ ਦੀ ਗਤੀ ਨੂੰ ਵੀ ਵਧਾਏਗੀ। ਉਨ੍ਹਾਂ ਦੱਸਿਆ ਕਿ ਇਹ ਐਪ ਗੂਗਲ ਪਲੇਅ ਸਟੋਰ ਤੇ 'ਪੀਐਮਬੀ ਕੁਨੈਕਟ' (PMB Connect) ਨਾਮ ਨਾਲ ਉਪਲਬਧ ਹੈ। ਉਨ੍ਹਾਂ ਸਾਰੇ ਸਟੇਕਹੋਲਡਰਾਂ ਨੂੰ ਅਪੀਲ ਕੀਤੀ ਕਿ ਉਹ ਇਸ ਐਪ ਨੂੰ ਵੱਧ ਤੋਂ ਵੱਧ ਡਾਊਨਲੋਡ ਕਰਨ ਤਾਂ ਜੋ ਸਰਕਾਰੀ ਸੇਵਾਵਾਂ ਦਾ ਲਾਭ ਸਿੱਧਾ ਉਨ੍ਹਾਂ ਤੱਕ ਪਹੁੰਚ ਸਕੇ। ਇਸ ਮੌਕੇ ਜਤਿੰਦਰ ਸਿੰਘ ਭੰਗੂ ਇੰਜੀਨਿਅਰ-ਇਨ-ਚੀਫ਼, ਹਰਜੀਤ ਸਿੰਘ ਸੰਧੂ ਸੰਯੁਕਤ ਸਕੱਤਰ, ਗੁਰਿੰਦਰ ਸਿੰਘ ਚੀਮਾ ਮੁੱਖ ਇੰਜੀਨੀਅਰ, ਅਮਨਦੀਪ ਸਿੰਘ ਮੁੱਖ ਇੰਜੀਨੀਅਰ, ਮਨਿੰਦਰਜੀਤ ਸਿੰਘ ਬੇਦੀ ਡੀ.ਜੀ.ਐਮ., ਪ੍ਰੀਤ ਕੰਵਰ ਸਿੰਘ ਬਰਾੜ ਡੀ.ਜੀ.ਐਮ., ਮੁਕੇਸ਼ ਕੁਮਾਰ ਕੈਲੇ ਡੀ.ਜੀ.ਐਮ., ਅਮਨਦੀਪ ਸਿੰਘ ਸੰਧੂ ਡੀ.ਜੀ.ਐਮ., ਨਿਤਿਨ ਬਾਂਸਲ ਸਿਸਟਮ ਐਨਾਲਿਸਟ ਸਮੇਤ ਬੋਰਡ ਦੇ ਸਮੂਹ ਅਧਿਕਾਰੀ ਮੌਜੂਦ ਰਹੇ।




## ਸੰਪਾਦਕੀ

# ਸੁਰੱਖਿਅਤ ਯਾਤਰਾ ਦੇ ਮਾਪਦੰਡਾਂ ਦੀ ਅਸਫਲਤਾ

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਕਿਸੇ ਦੇਸ਼ ਦੇ ਵਿਕਾਸ ਲਈ ਬੁਨਿਆਦੀ ਢਾਂਚੇ ਦਾ ਵਿਸਤਾਰ ਕਰਨਾ ਬਹੁਤ ਜ਼ਰੂਰੀ ਹੈ। ਆਮ ਆਦਮੀ ਦੀ ਜੀਵਨ ਰੇਖਾ ਮੰਨਿਆ ਜਾਂਦਾ ਸੜਕ ਨਿਰਮਾਣ ਵੀ ਇਸੇ ਸ਼੍ਰੇਣੀ ਵਿੱਚ ਆਉਂਦਾ ਹੈ। ਪਿਛਲੇ ਕੁਝ ਸਾਲਾਂ ਵਿੱਚ ਨਵੀਆਂ ਸੜਕਾਂ ਦੇ ਨਿਰਮਾਣ ਦੀ ਗਤੀ ਜ਼ਰੂਰ ਤੇਜ਼ ਹੋਈ ਹੈ, ਪਰ ਹਾਦਸਿਆਂ ਦੀ ਗਿਣਤੀ ਵੀ ਲਗਾਤਾਰ ਵਧਦੀ ਰਹੀ ਹੈ। ਐਕਸਪ੍ਰੈਸਵੇਅ ਅਤੇ ਰਾਸ਼ਟਰੀ ਰਾਜਮਾਰਗ, ਖਾਸ ਕਰਕੇ ਉੱਚ-ਤਕਨੀਕੀ ਤਕਨਾਲੋਜੀ ਨਾਲ ਬਣਾਏ ਜਾ ਰਹੇ, ਚਮਕਦਾਰ ਅਤੇ ਸੁਵਿਧਾਜਨਕ ਦਿਖਾਈ ਦੇ ਸਕਦੇ ਹਨ, ਪਰ ਉਹ ਸੁਰੱਖਿਅਤ ਯਾਤਰਾ ਦੇ ਮਾਪਦੰਡਾਂ ਨੂੰ ਪੂਰਾ ਕਰਨ ਵਿੱਚ ਅਸਫਲ ਰਹਿੰਦੇ ਹਨ। ਰਾਸ਼ਟਰੀ ਰਾਜਮਾਰਗ ਦੇਸ਼ ਦੀ ਕੁੱਲ ਸੜਕ ਲੰਬਾਈ ਦਾ ਸਿਰਫ ਦੋ ਪ੍ਰਤੀਸ਼ਤ ਹਨ, ਫਿਰ ਵੀ ਸੜਕ ਹਾਦਸਿਆਂ ਵਿੱਚ ਮੌਤਾਂ ਵਿੱਚ ਉਨ੍ਹਾਂ ਦਾ ਯੋਗਦਾਨ ਲਗਭਗ ਤੀਹ ਪ੍ਰਤੀਸ਼ਤ ਤੱਕ ਪਹੁੰਚ ਗਿਆ ਹੈ। ਇਹੀ ਕਾਰਨ ਹੈ ਕਿ ਸੁਪਰੀਮ ਕੋਰਟ ਨੇ ਗੰਭੀਰ ਚਿੰਤਾ ਪ੍ਰਗਟ ਕਰਦੇ ਹੋਏ, ਕੇਂਦਰ, ਰਾਜ ਸਰਕਾਰਾਂ ਅਤੇ ਸਬੰਧਤ ਅਧਿਕਾਰੀਆਂ ਨੂੰ ਸੜਕ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਸੁਪਰੀਮ ਕੋਰਟ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਪ੍ਰਸ਼ਾਸਨਿਕ ਸੁਸਤੀ ਜਾਂ ਬੁਨਿਆਦੀ ਢਾਂਚੇ ਦੀਆਂ ਕਮੀਆਂ ਕਾਰਨ ਐਕਸਪ੍ਰੈਸਵੇਅ ਨੂੰ ਖ਼ਤਰੇ ਦਾ ਗਲਿਆਰਾ ਨਹੀਂ ਬਣਨਾ ਚਾਹੀਦਾ। ਇਹ ਧਿਆਨ ਦੇਣ ਯੋਗ ਹੈ ਕਿ ਦੇਸ਼ ਵਿੱਚ ਸੜਕ ਹਾਦਸਿਆਂ ਨੂੰ ਘਟਾਉਣ ਦੇ ਸਰਕਾਰ ਦੇ ਦਾਅਵਿਆਂ ਦੇ ਬਾਵਜੂਦ, ਇਹ ਸਾਲ ਦਰ ਸਾਲ ਵਧ ਰਹੇ ਹਨ। ਕੇਂਦਰੀ ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰਾਲੇ ਦੀ ਇੱਕ ਰਿਪੋਰਟ ਦੇ ਅਨੁਸਾਰ, 2019 ਵਿੱਚ ਦੇਸ਼ ਵਿੱਚ 4.56 ਲੱਖ ਸੜਕ ਹਾਦਸੇ ਦਰਜ ਕੀਤੇ ਗਏ, ਜਿਸਦੇ ਨਤੀਜੇ ਵਜੋਂ ਲਗਭਗ 1.59 ਲੱਖ ਲੋਕਾਂ ਦੀ ਮੌਤ ਹੋਈ। 2020 ਵਿੱਚ ਕੋਵਿਡ-19 ਮਹਾਂਮਾਰੀ ਦੌਰਾਨ ਪੂਰੀ ਤਰ੍ਹਾਂ ਤਾਲਾਬੰਦੀ ਕਾਰਨ ਸੜਕ ਹਾਦਸਿਆਂ ਵਿੱਚ ਥੋੜ੍ਹੀ ਕਮੀ ਆਈ, ਪਰ ਬਾਅਦ ਵਿੱਚ, 2021 ਵਿੱਚ ਲਗਭਗ 4.2 ਲੱਖ, 2022 ਵਿੱਚ 4.61 ਲੱਖ ਅਤੇ 2023 ਵਿੱਚ 4.80 ਲੱਖ ਹਾਦਸੇ ਹੋਏ। ਇਸਦਾ ਮਤਲਬ ਹੈ ਕਿ ਪੰਜ ਸਾਲਾਂ ਵਿੱਚ 2.1 ਲੱਖ ਤੋਂ ਵੱਧ ਸੜਕ ਹਾਦਸਿਆਂ ਵਿੱਚ ਲਗਭਗ 800,000 ਲੋਕਾਂ ਦੀ ਮੌਤ ਹੋਈ। ਇਹ ਅੰਕੜਾ ਸੱਚਮੁੱਚ ਚਿੰਤਾਜਨਕ ਹੈ, ਪਰ ਉਨ੍ਹਾਂ ਨੂੰ ਘਟਾਉਣ ਦੀਆਂ ਕੋਸ਼ਿਸ਼ਾਂ ਜ਼ਮੀਨੀ ਪੱਧਰ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਨਹੀਂ ਹੁੰਦੀਆਂ ਜਾਪਦੀਆਂ। ਜੇਕਰ ਟਾਲਣਯੋਗ ਸੜਕੀ ਖ਼ਤਰਿਆਂ ਦੇ ਨਤੀਜੇ ਵਜੋਂ ਜਾਨਾਂ ਜਾਂਦੀਆਂ ਹਨ, ਤਾਂ ਇਹ ਨਾਗਰਿਕਾਂ ਦੀ ਸੁਰੱਖਿਆ ਵਿੱਚ ਸਿਸਟਮ ਦੀ ਅਸਫਲਤਾ ਨੂੰ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ। ਹਾਲ ਹੀ ਵਿੱਚ, ਇਹ ਦੇਖਿਆ ਗਿਆ ਹੈ ਕਿ ਗੈਰ-ਕਾਨੂੰਨੀ ਪਾਰਕਿੰਗ ਹਾਦਸਿਆਂ ਦਾ ਇੱਕ ਵੱਡਾ ਕਾਰਨ ਬਣ ਰਹੀ ਹੈ। ਰਾਸ਼ਟਰੀ ਰਾਜਮਾਰਗਾਂ 'ਤੇ ਖਾਣ-ਪੀਣ ਦੀਆਂ ਦੁਕਾਨਾਂ ਦੀ ਵਧਦੀ ਗਿਣਤੀ ਵੀ ਇਸ ਸਥਿਤੀ ਵਿੱਚ ਯੋਗਦਾਨ ਪਾ ਰਹੀ ਹੈ, ਜਿੱਥੇ ਵਾਹਨ ਸੜਕ 'ਤੇ ਬੇਤਰਤੀਬ ਢੰਗ ਨਾਲ ਪਾਰਕ ਕੀਤੇ ਜਾਂਦੇ ਹਨ। ਸਬੰਧਤ ਅਧਿਕਾਰੀ ਅਕਸਰ ਜੋਖਮ ਮੁਲਾਂਕਣ ਕੀਤੇ ਬਿਨਾਂ ਅਜਿਹੇ ਖਾਣ-ਪੀਣ ਵਾਲੀਆਂ ਥਾਵਾਂ ਨੂੰ ਇਜਾਜ਼ਤ ਦੇ ਦਿੰਦੇ ਹਨ। ਇਸ ਦੇ ਮੱਦੇਨਜ਼ਰ, ਸੁਪਰੀਮ ਕੋਰਟ ਨੇ ਆਪਣੇ ਦਿਸ਼ਾ-ਨਿਰਦੇਸ਼ਾਂ ਵਿੱਚ ਕਿਹਾ ਹੈ ਕਿ ਸਬੰਧਤ ਅਧਿਕਾਰੀਆਂ ਅਤੇ ਰੈਗੂਲੇਟਰੀ ਏਜੰਸੀਆਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਵਾਹਨ ਰਾਸ਼ਟਰੀ ਰਾਜਮਾਰਗਾਂ 'ਤੇ ਨਿਰਧਾਰਤ ਸਥਾਨਾਂ ਨੂੰ ਛੱਡ ਕੇ ਕਿਤੇ ਵੀ ਪਾਰਕ ਨਾ ਕੀਤੇ ਜਾਣ ਜਾਂ ਨਾ ਰੋਕੇ ਜਾਣ। ਨਿਯਮਾਂ ਅਨੁਸਾਰ, ਰਾਸ਼ਟਰੀ ਰਾਜਮਾਰਗਾਂ 'ਤੇ ਨਿਯਮਤ ਟਰੈਫਿਕ ਪੁਲਿਸ ਗਸ਼ਤ ਦੀ ਲੋੜ ਹੁੰਦੀ ਹੈ, ਪਰ ਕਈ ਪੱਧਰਾਂ 'ਤੇ ਲਾਪਰਵਾਹੀ ਸਪੱਸ਼ਟ ਹੈ। ਇਸ ਤੋਂ ਇਲਾਵਾ, ਤੇਜ਼ ਰਫ਼ਤਾਰ ਵਾਹਨ, ਸੜਕ ਨਿਰਮਾਣ ਵਿੱਚ ਤਕਨੀਕੀ ਨੁਕਸ ਅਤੇ ਸੰਕੇਤਾਂ ਦੀ ਘਾਟ ਅਤੇ ਅਸਪੱਸ਼ਟਤਾ ਵੀ ਹਾਦਸਿਆਂ ਵਿੱਚ ਯੋਗਦਾਨ ਪਾਉਂਦੀ ਹੈ। ਇਨ੍ਹਾਂ ਪ੍ਰਣਾਲੀਆਂ ਦੀ ਨਿਗਰਾਨੀ ਲਈ ਉੱਨਤ ਟਰੈਫਿਕ ਪ੍ਰਬੰਧਨ ਪ੍ਰਣਾਲੀਆਂ ਦੀ ਵਰਤੋਂ ਵੀ ਬਹੁਤ ਘੱਟ ਦਿਖਾਈ ਦਿੰਦੀ ਹੈ। ਹਾਲਾਂਕਿ, ਸੁਪਰੀਮ ਕੋਰਟ ਦੇ ਨਿਰਦੇਸ਼ਾਂ ਨੇ ਉਮੀਦ ਜਗਾਈ ਹੈ ਕਿ ਦੇਸ਼ ਭਰ ਵਿੱਚ ਟਰੈਫਿਕ ਪ੍ਰਬੰਧਨ ਵਿੱਚ ਸੁਧਾਰ ਹੋਵੇਗਾ ਅਤੇ ਸੜਕ ਹਾਦਸੇ ਘਟਣਗੇ।

-ਜਗਜੀਤ ਸਿੰਘ ਦਰਦੀ

# ਕੀ ਭਵਿੱਖ ਵਿੱਚ ਕੈਨੇਡਾ ਦੇ ਦਰਵਾਜ਼ੇ ਪੰਜਾਬੀਆਂ ਲਈ ਬੰਦ ਹੋ ਜਾਣਗੇ ?

## ਕੈਨੇਡਾ ਦੀ ਨਵੀਂ ਪ੍ਰਵਾਸ ਨੀਤੀ ਅਤੇ ਪੰਜਾਬੀਆਂ ਲਈ ਸੰਕਟ



ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਕੀ ਕੈਨੇਡਾ ਸਰਕਾਰ ਨੇ ਪੰਜਾਬੀਆਂ ਲਈ ਦਰਵਾਜ਼ੇ ਹੁਣ ਪੱਕੇ ਬੰਦ ਕਰ ਦਿੱਤੇ ਹਨ । ਪੰਜਾਬੀਆਂ ਲਈ ਅੱਜ ਸੰਕਟ ਦੀ ਘੜੀ ਹੈ, 30000 ਪੰਜਾਬੀਆਂ ਨੂੰ ਵਾਪਸੀ ਦਾ ਨੋਟਿਸ ਦਿੱਤਾ ਜਾ ਚੁੱਕਾ ਹੈ ਕੀ ਹੁਣ ਦਰਵਾਜ਼ੇ ਪੂਰੀ ਤਰ੍ਹਾਂ ਬੰਦ ਹੋ ਗਏ ਹਨ ਜਾਂ ਸਿਰਫ਼ ਐਸਾਈਲਮ ਵਾਲਾ ਰਾਹ? ਅੱਜ ਕੈਨੇਡਾ ਜੋ ਪਿਛਲੇ ਦਹਾਕਿਆਂ ਤੋਂ ਪੰਜਾਬੀ ਯੁਵਕਾਂ ਲਈ "ਸੁਪਨਿਆਂ ਦਾ ਦੇਸ਼" ਬਣਿਆ ਹੋਇਆ ਸੀ, ਉਸ ਦੀ ਨਵੀਂ ਇਮੀਗ੍ਰੇਸ਼ਨ ਅਤੇ ਐਸਾਈਲਮ ਨੀਤੀ ਨੇ ਹਜ਼ਾਰਾਂ ਪੰਜਾਬੀ ਪਰਿਵਾਰਾਂ ਵਿੱਚ ਡੂੰਘੀ ਬੇਚੈਨੀ ਪੈਦਾ ਕਰ ਦਿੱਤੀ ਹੈ। ਮਾਰਚ 2026 ਵਿੱਚ ਰਾਇਲ ਅਸੈਂਟ ਪ੍ਰਾਪਤ ਹੋਏ Bill C-AB (Strengthening Canadas Immigration System and Borders Act) ਨੇ ਐਸਾਈਲਮ ਦੀਆਂ ਯੋਗਤਾਵਾਂ ਵਿੱਚ ਸਖ਼ਤੀ ਲਿਆਂਦੀ ਹੈ। ਇਸ ਤਹਿਤ ਲਗਭਗ 30,000 ਐਸਾਈਲਮ ਕਲੇਮਾਂ (ਜਿਨ੍ਹਾਂ ਵਿੱਚੋਂ ਬਹੁਤੀ ਗਿਣਤੀ ਪੰਜਾਬੀਆਂ ਦੀ ਹੈ) ਨੂੰ ਰਿਫਿਊਜੀ ਬੋਰਡ (IRB) ਵਿਖੇ ਪੂਰੀ ਸੁਣਵਾਈ ਲਈ ਰੈਫਰ ਨਾ ਕਰਨ ਦਾ ਫੈਸਲਾ ਲਿਆ ਗਿਆ ਹੈ। ਅੱਜ ਖਾਸ ਤੌਰ 'ਤੇ ਉਹ ਲੋਕ ਜਿਨ੍ਹਾਂ ਨੇ "ਪ੍ਰੈਕਟੀਕਲ ਅਸਾਈਲਮ" ਰਾਹੀਂ ਲੰਬੇ ਸਮੇਂ ਤੱਕ ਰਹਿਣ ਲਈ ਕੇਸ ਲਗਾਏ ਸਨ, ਉਨ੍ਹਾਂ ਲਈ ਰਾਹ ਲਗਭਗ ਬੰਦ ਹੋ ਗਏ ਹਨ। ਪਰ ਸਵਾਲ ਇਹ ਹੈ ਕਿ ਕੀ ਕੈਨੇਡਾ ਦੇ ਸਾਰੇ ਦਰਵਾਜ਼ੇ ਪੰਜਾਬੀਆਂ ਲਈ ਪੂਰੀ ਤਰ੍ਹਾਂ ਬੰਦ ਹੋ ਗਏ ਹਨ? ਜਵਾਬ ਨਾ ਹੈ। ਐਸਾਈਲਮ ਵਾਲਾ ਆਸਾਨ ਰਾਹ ਲਗਭਗ ਬੰਦ ਹੋ ਗਿਆ ਹੈ, ਪਰ ਸਕਿੱਲਡ ਇਮੀਗ੍ਰੇਸ਼ਨ, ਐਕਸਪ੍ਰੈੱਸ ਐਂਟਰੀ, ਪੀਐੱਨਪੀ, ਫੈਮਿਲੀ ਸਪਾਂਸਰਸ਼ਿਪ ਅਤੇ ਬਿਜ਼ਨਸ ਇਮੀਗ੍ਰੇਸ਼ਨ ਵਾਲੇ ਰਾਹ ਅਜੇ ਵੀ ਖੁੱਲ੍ਹੇ ਹਨ—ਹਾਲਾਂਕਿ ਉਨ੍ਹਾਂ ਵਿੱਚ ਵੀ ਸਖ਼ਤੀ ਵੱਧ ਰਹੀ ਹੈ।

ਹੁਣ ਇਸ ਬਿਲ C-AB ਦੀਆਂ ਤਬਦੀਲੀਆਂ, ਪੰਜਾਬੀਆਂ ਉੱਤੇ ਉਨ੍ਹਾਂ ਦਾ ਸਿੱਧਾ ਅਸਰ, ਪੰਜਾਬ ਦੀ ਆਰਥਿਕਤਾ, ਸਮਾਜਿਕ ਢਾਂਚੇ ਅਤੇ ਰਾਜਨੀਤੀ ਉੱਤੇ ਪੈਣ ਵਾਲੇ ਡੂੰਘੇ ਪ੍ਰਭਾਵ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ ਹੈ। ਬਿਲ C-AB: ਨਵੀਆਂ ਤਬਦੀਲੀਆਂ ਅਤੇ ਉਨ੍ਹਾਂ ਦਾ ਮਤਲਬ ਬਿਲ C-AB ਨੇ ਕੈਨੇਡਾ ਦੀ ਇਮੀਗ੍ਰੇਸ਼ਨ ਅਤੇ ਐਸਾਈਲਮ ਸਿਸਟਮ ਨੂੰ ਚਾਰ ਮੁੱਖ ਖੇਤਰਾਂ ਵਿੱਚ ਮਜ਼ਬੂਤ ਕੀਤਾ ਹੈ।

ਐਸਾਈਲਮ ਲਈ ਨਵੀਆਂ ਯੋਗਤਾਵਾਂ ਜੂਨ 2020 ਤੋਂ ਬਾਅਦ ਕੈਨੇਡਾ ਆਏ ਵਿਅਕਤੀ ਜੇਕਰ ਇੱਕ ਸਾਲ ਤੋਂ ਵੱਧ ਸਮੇਂ ਬਾਅਦ ਐਸਾਈਲਮ ਕਲੇਮ ਕਰਦਾ ਹੈ ਤਾਂ ਉਸ ਨੂੰ ਇਮੀਗ੍ਰੇਸ਼ਨ ਐਂਡ ਰਿਫਿਊਜੀ ਬੋਰਡ (IRB) ਵਿਖੇ ਪੂਰੀ ਸੁਣਵਾਈ ਲਈ ਰੈਫਰ ਨਹੀਂ ਕੀਤਾ ਜਾਵੇਗਾ। ਇਹ ਬਦਲਾਅ ਰੈਟਰੋਐਕਟਿਵ ਤੌਰ 'ਤੇ ਲਾਗੂ ਹੈ।

ਅਨਿਯਮਿਤ ਬਾਰਡਰ ਕ੍ਰਾਸਿੰਗ ਲਈ 14 ਦਿਨਾਂ ਦੀ ਸੀਮਾ ਅਮਰੀਕਾ-ਕੈਨੇਡਾ ਲੈਂਡ ਬਾਰਡਰ ਤੋਂ ਅਨਿਯਮਿਤ ਤਰੀਕੇ ਨਾਲ ਆਉਣ ਵਾਲਿਆਂ ਨੂੰ 14 ਦਿਨਾਂ ਵਿੱਚ ਐਸਾਈਲਮ ਕਲੇਮ ਕਰਨਾ ਪਵੇਗਾ, ਨਹੀਂ ਤਾਂ ਕਲੇਮ ਯੋਗ ਨਹੀਂ ਮੰਨਿਆ ਜਾਵੇਗਾ। ਹੁਣ ਪ੍ਰੋਸੈਸਿੰਗ ਤੇਜ਼ ਕਰਨ ਅਤੇ ਅਪੀਲਾਂ ਘਟਾਉਣ ਬੈਕਲਾਗ ਘਟਾਉਣ ਲਈ ਤੇਜ਼ ਪ੍ਰੋਸੈਸਿੰਗ ਅਤੇ ਸੀਮਤ ਅਪੀਲਾਂ ਦਾ ਪ੍ਰਬੰਧ। ਸਰਕਾਰ ਨੂੰ ਵਧੇਰੇ ਅਧਿਕਾਰ: ਫਰਜ਼ੀ ਡਾਕੂਮੈਂਟਸ ਰੱਦ ਕਰਨ, ਇਨਫਰਮੇਸ਼ਨ ਸ਼ੇਅਰਿੰਗ ਵਧਾਉਣ ਅਤੇ ਐਮਰਜੈਂਸੀ ਵਿੱਚ ਐਪਲੀਕੇਸ਼ਨਾਂ ਰੋਕਣ ਦਾ ਹੱਕ। ਇਸ ਨਤੀਜੇ ਵਜੋਂ ਲਗਭਗ 30,000 ਐਸਾਈਲਮ ਕਲੇਮਾਂ ਨੂੰ ਨੋਟਿਸ ਜਾਰੀ ਕੀਤੇ ਗਏ ਹਨ। ਇਨ੍ਹਾਂ ਵਿੱਚੋਂ ਲਗਭਗ 9,000 ਪੰਜਾਬੀ ਵਿਦਿਆਰਥੀ ਅਤੇ ਐਸਾਈਲਮ ਕਲੇਮੈਂਟ ਹਨ। ਇਸ ਤੋਂ ਪਹਿਲਾਂ ਐਸਾਈਲਮ ਕਲੇਮ ਲੰਬੇ ਸਮੇਂ ਤੱਕ ਚੱਲਦੇ ਸਨ ਅਤੇ ਇਸ ਦੌਰਾਨ ਵਰਕ ਪਰਮਿਟ ਜਾਂ ਸਟੱਡੀ ਪਰਮਿਟ ਰਾਹੀਂ ਰਹਿਣ ਦਾ ਮੌਕਾ ਮਿਲਦਾ ਸੀ।

ਹੁਣ ਇਹ "ਪ੍ਰੈਕਟੀਕਲ ਅਸਾਈਲਮ" ਵਾਲਾ ਰਾਹ ਲਗਭਗ ਬੰਦ ਹੋ ਗਿਆ ਹੈ। ਪੰਜਾਬੀਆਂ ਲਈ ਇਹ ਖਾਸ ਤੌਰ 'ਤੇ ਔਖਾ ਹੈ ਕਿਉਂਕਿ ਉਨ੍ਹਾਂ ਵਿੱਚੋਂ ਬਹੁਤੇ ਰਾਜਨੀਤਿਕ (ਖਾਲਿਸਤਾਨੀ ਗਤੀਵਿਧੀਆਂ ਨਾਲ ਜੁੜੀਆਂ), ਸੁਰੱਖਿਆ ਜਾਂ ਆਰਥਿਕ ਕਾਰਨਾਂ ਨੂੰ ਆਧਾਰ ਬਣਾ ਕੇ ਐਸਾਈਲਮ ਲੈਂਦੇ ਸਨ। 2025 ਵਿੱਚ ਭਾਰਤੀ ਨਾਗਰਿਕਾਂ ਨੇ ਲਗਭਗ 9,770 ਐਸਾਈਲਮ ਕਲੇਮ ਦਾਖਲ ਕੀਤੇ ਸਨ — ਜੋ ਕਿਸੇ ਵੀ ਹੋਰ ਦੇਸ਼ ਤੋਂ ਵੱਧ ਸਨ। ਇਨ੍ਹਾਂ ਵਿੱਚ ਬਹੁਤੀ ਗਿਣਤੀ ਪੰਜਾਬ ਤੋਂ ਸੀ। ਕੀ ਸਾਰੇ ਦਰਵਾਜ਼ੇ ਬੰਦ ਹੋ ਗਏ ਹਨ?

ਅੱਜ ਐਸਾਈਲਮ ਵਾਲਾ ਰਾਹ ਬਹੁਤ ਸਖ਼ਤ ਹੋ ਗਿਆ ਹੈ, ਪਰ ਹੋਰ ਰਾਹ ਅਜੇ ਵੀ ਮੌਜੂਦ ਹਨ । ਐਕਸਪ੍ਰੈੱਸ ਐਂਟਰੀ ਅਤੇ ਸਕਿੱਲਡ ਵਰਕਰ ਪ੍ਰੋਗਰਾਮ CRS ਸਕੋਰ ਉੱਚਾ ਹੋਣ ਵਾਲਿਆਂ ਲਈ ਅਜੇ ਵੀ ਮੌਕਾ ਹੈ। ਪ੍ਰੋਵਿੰਸ਼ੀਅਲ ਨਾਮੀਨੀ ਪ੍ਰੋਗਰਾਮ (PNP): ਪ੍ਰੋਵਿੰਸਾਂ ਆਪਣੀਆਂ ਲੋੜਾਂ ਅਨੁਸਾਰ ਨਾਮਜ਼ਦਗੀਆਂ ਕਰਦੀਆਂ ਹਨ।

ਫੈਮਿਲੀ ਸਪਾਂਸਰਸ਼ਿਪ: ਪਹਿਲਾਂ ਤੋਂ ਸੈਟਲ ਹੋਏ ਰਿਸ਼ਤੇਦਾਰ ਸਪਾਂਸਰ ਕਰ ਸਕਦੇ ਹਨ। ਸਟੱਡੀ ਵੀਜ਼ਾ ਅਤੇ ਪੋਸਟ-ਗ੍ਰੈਜੂਏਟ ਵਰਕ ਪਰਮਿਟ ਇਸ ਵਿੱਚ ਵੀ ਸਖ਼ਤੀ ਵਧੀ ਹੈ, ਪਰ ਪੂਰੀ ਤਰ੍ਹਾਂ ਬੰਦ ਨਹੀਂ ਹੋਇਆ। ਬਿਜ਼ਨਸ ਇਮੀਗ੍ਰੇਸ਼ਨ ਅਤੇ ਸਟਾਰਟ-ਅੱਪ ਵੀਜ਼ਾ: ਇਨਵੈਸਟਰ ਅਤੇ ਐਂਟਰਪ੍ਰੀਨਿਊਰ ਲਈ ਰਾਹ ਖੁੱਲ੍ਹਾ ਹੈ। ਪਰ ਇਸ ਤੋਂ ਇਲਾਵਾ ਟੈਮਪਰੇਰੀ ਰੈਜ਼ੀਡੈਂਟ ਵੀਜ਼ਿਆਂ (ਸਟੱਡੀ ਅਤੇ ਵਰਕ) ਉੱਤੇ ਵੀ ਦਬਾਅ ਵਧ ਰਿਹਾ ਹੈ। ਕੈਨੇਡਾ ਆਪਣੀ ਟੈਮਪਰੇਰੀ ਰੈਜ਼ੀਡੈਂਟ ਪਾਪੂਲੇਸ਼ਨ ਨੂੰ 2026 ਤੱਕ ਆਪਣੀ ਆਬਾਦੀ ਦੇ 5 ਫੀਸਦੀ ਤੱਕ ਘਟਾਉਣਾ ਚਾਹੁੰਦਾ ਹੈ। ਇਸ ਨਾਲ ਵਿਦਿਆਰਥੀ ਵੀਜ਼ਿਆਂ ਅਤੇ ਵਰਕ ਪਰਮਿਟਾਂ ਵਿੱਚ ਵੀ ਸਖ਼ਤੀ ਵਧੀ ਹੈ। ਅੱਜ ਪੰਜਾਬ ਉੱਤੇ ਆਰਥਿਕ ਪ੍ਰਭਾਵ ਰਿਮਿਟੈਂਸ, ਰੁਜ਼ਗਾਰ ਅਤੇ ਬ੍ਰੇਨ ਡਰੇਨ ਪੰਜਾਬ ਦੀ ਆਰਥਿਕਤਾ ਵਿੱਚ ਵਿਦੇਸ਼ੀ ਇਮੀਗ੍ਰੇਸ਼ਨ ਅਤੇ ਰਿਮਿਟੈਂਸ ਦਾ ਯੋਗਦਾਨ ਬਹੁਤ ਵੱਡਾ ਹੈ। ਕੈਨੇਡਾ ਵੱਲ ਜਾਣ ਵਾਲੇ ਯੁਵਕਾਂ ਦੀ ਗਿਣਤੀ ਵੱਡੀ ਹੈ। ਉਹ ਇੱਥੇ ਪੜ੍ਹਾਈ, ਨੌਕਰੀ ਜਾਂ ਐਸਾਈਲਮ ਰਾਹੀਂ ਰਹਿੰਦੇ ਹਨ ਅਤੇ ਘਰ ਭੇਜੀ ਰਿਮਿਟੈਂਸ ਪਰਿਵਾਰਾਂ ਦੀ ਆਰਥਿਕਤਾ ਨੂੰ ਚਲਾਉਂਦੀ ਹੈ। ਇਸ ਨਵੀਂ ਨੀਤੀ ਨਾਲ ਐਸਾਈਲਮ ਰਾਹ ਰੁਕਣ ਨਾਲ ਯੁਵਕਾਂ ਦੀਆਂ ਉਮੀਦਾਂ ਟੁੱਟ ਰਹੀਆਂ ਹਨ। ਬਹੁਤ ਸਾਰੇ ਪਰਿਵਾਰ ਖੇਤੀ ਜ਼ਮੀਨ ਵੇਚ ਕੇ ਜਾਂ ਕਰਜ਼ਾ ਲੈ ਕੇ ਬੱਚਿਆਂ ਨੂੰ ਕੈਨੇਡਾ ਭੇਜਦੇ ਸਨ। ਹੁਣ ਡਿਪੋਰਟੇਸ਼ਨ ਦਾ ਖਤਰਾ ਹੈ ਅਤੇ ਇਸ ਨਾਲ ਪਰਿਵਾਰਾਂ ਉੱਤੇ ਆਰਥਿਕ ਬੋਝ ਵਧ ਰਿਹਾ ਹੈ। ਰਿਮਿਟੈਂਸ ਵਿੱਚ ਕਮੀ ਨਾਲ ਖੇਤੀ, ਉਦਯੋਗ ਅਤੇ ਸਥਾਨਕ ਆਰਥਿਕਤਾ ਪ੍ਰਭਾਵਿਤ ਹੋਣਗੀਆਂ।

ਅੱਜ ਪੰਜਾਬ ਵਿੱਚ ਬੇਰੁਜ਼ਗਾਰੀ ਪਹਿਲਾਂ ਹੀ ਉੱਚੀ ਹੈ। ਖੇਤੀ ਸੰਕਟ, ਛੋਟੀਆਂ ਜ਼ਮੀਨਾਂ ਅਤੇ ਉਦਯੋਗਿਕ ਵਿਕਾਸ ਦੀ ਘਾਟ ਕਾਰਨ ਯੁਵਕ ਵਿਦੇਸ਼ ਭੱਜਣ ਵੱਲ ਰੁਖ ਕਰਦੇ ਸਨ। ਇਸ ਨੀਤੀ ਨਾਲ ਇਹ ਰਾਹ ਰੁਕਣ ਨਾਲ ਘਰ ਵਾਪਸ ਆਉਣ ਵਾਲੇ ਯੁਵਕਾਂ ਦੀ ਗਿਣਤੀ ਵਧ ਸਕਦੀ ਹੈ, ਜਿਸ ਨਾਲ ਸਥਾਨਕ ਰੁਜ਼ਗਾਰ ਬਾਜ਼ਾਰ ਉੱਤੇ ਵਧੇਰੇ ਦਬਾਅ ਪਵੇਗਾ ਅਤੇ ਬ੍ਰੇਨ ਡਰੇਨ ਵਧੇਗਾ। ਯੁਵਕਾਂ ਦੀ ਵਿਦੇਸ਼ ਵਾਪਸੀ ਨਾਲ ਸੂਬੇ ਦੀ ਭਵਿੱਖੀ ਤਾਕਤ ਘਟੇਗੀ।

ਸਮਾਜਿਕ ਪ੍ਰਭਾਵ: ਪਰਿਵਾਰਕ ਤਣਾਅ, ਮਾਨਸਿਕ ਸਿਹਤ ਅਤੇ ਸਮਾਜਿਕ ਬਦਲਾਅ ਸਮਾਜਿਕ ਪੱਧਰ 'ਤੇ ਇਸ ਨੀਤੀ ਦਾ ਅਸਰ ਬਹੁਤ ਡੂੰਘਾ ਹੈ। ਬਹੁਤ ਸਾਰੇ ਪੰਜਾਬੀ ਪਰਿਵਾਰ ਆਪਣੇ ਬੱਚਿਆਂ ਨੂੰ ਕੈਨੇਡਾ ਭੇਜ ਕੇ "ਸੈਟਲ" ਹੋਣ ਦਾ ਸੁਪਨਾ ਵੇਖਦੇ ਸਨ।

ਹੁਣ ਉਨ੍ਹਾਂ ਨੂੰ ਡਿਪੋਰਟੇਸ਼ਨ ਨੋਟਿਸ ਮਿਲ ਰਹੇ ਹਨ, ਜਿਸ ਨਾਲ ਪਰਿਵਾਰਾਂ ਵਿੱਚ ਤਣਾਅ, ਉਦਾਸੀ ਅਤੇ ਮਾਨਸਿਕ ਸਿਹਤ ਸਮੱਸਿਆਵਾਂ ਵਧ ਰਹੀਆਂ ਹਨ। ਬਹੁਤੇ ਯੁਵਕ ਆਪਣੀਆਂ ਉਮੀਦਾਂ ਟੁੱਟਣ ਨਾਲ ਡਿਪ੍ਰੈਸ਼ਨ ਵਿੱਚ ਫਸ ਰਹੇ ਹਨ। ਪੰਜਾਬ ਵਿੱਚ ਨਸ਼ਿਆਂ ਦਾ ਸੰਕਟ ਪਹਿਲਾਂ ਹੀ ਗੰਭੀਰ ਹੈ। ਬੇਰੁਜ਼ਗਾਰੀ ਅਤੇ ਉਮੀਦਾਂ ਟੁੱਟਣ ਨਾਲ ਯੁਵਕਾਂ ਵਿੱਚ ਨਸ਼ਿਆਂ ਵੱਲ ਰੁਖ ਵਧ ਸਕਦਾ ਹੈ। ਇਸ ਤੋਂ ਇਲਾਵਾ, ਵਿਦੇਸ਼ ਵਾਪਸੀ ਵਾਲੇ ਯੁਵਕਾਂ ਨੂੰ ਸਮਾਜ ਵਿੱਚ "ਫੇਲ੍ਹ" ਵਜੋਂ ਵੇਖਿਆ ਜਾਣ ਲੱਗਿਆ ਹੈ, ਜਿਸ ਨਾਲ ਉਨ੍ਹਾਂ ਦਾ ਆਤਮ ਸਨਮਾਨ ਵੀ ਘੱਟ ਰਿਹਾ ਹੈ।

ਅੱਜ ਔਰਤਾਂ ਅਤੇ ਬੱਚਿਆਂ ਉੱਤੇ ਵੀ ਅਸਰ ਹੈ। ਬਹੁਤੇ ਪਰਿਵਾਰ ਬੱਚਿਆਂ ਨੂੰ ਭੇਜ ਕੇ ਘਰ ਚਲਾਉਂਦੇ ਸਨ। ਹੁਣ ਉਹ ਘਰ ਵਾਪਸ ਆਉਣ ਤੋਂ ਬਾਅਦ ਪਰਿਵਾਰਕ ਤਣਾਅ ਵਧਾਉਣਗੇ। ਇਸ ਨਾਲ ਲਿੰਗ ਅਤੇ ਪਰਿਵਾਰਕ ਰਿਸ਼ਤਿਆਂ ਉੱਤੇ ਵੀ ਅਸਰ ਪਵੇਗਾ। ਰਾਜਨੀਤਿਕ ਪ੍ਰਭਾਵ: ਡਾਇਸਪੋਰਾ, ਪੰਜਾਬ ਰਾਜਨੀਤੀ ਅਤੇ ਭਾਰਤ-ਕੈਨੇਡਾ ਰਿਸ਼ਤੇ ਰਾਜਨੀਤਿਕ ਪੱਧਰ 'ਤੇ ਇਸ ਨੀਤੀ ਨੇ ਪੰਜਾਬ ਵਿੱਚ ਰਾਜਨੀਤੀ ਨੂੰ ਵੀ ਪ੍ਰਭਾਵਿਤ ਕੀਤਾ ਹੈ। ਪੰਜਾਬੀ ਡਾਇਸਪੋਰਾ (ਖਾਸ ਕਰਕੇ ਕੈਨੇਡਾ ਵਿੱਚ) ਭਾਜਪਾ, ਅਕਾਲੀ ਦਲ, ਆਪ ਅਤੇ ਕਾਂਗਰਸ ਵਰਗੀਆਂ ਪਾਰਟੀਆਂ ਲਈ ਵੋਟ ਬੈਂਕ ਅਤੇ ਫੰਡਿੰਗ ਦਾ ਸਰੋਤ ਹੈ। ਐਸਾਈਲਮ ਰਾਹ ਬੰਦ ਹੋਣ ਨਾਲ ਡਾਇਸਪੋਰਾ ਵਿੱਚ ਅਸੰਤੋਸ਼ ਵਧ ਰਿਹਾ ਹੈ ਅਤੇ ਉਹ ਆਪਣੀਆਂ ਪਾਰਟੀਆਂ ਤੋਂ ਉਮੀਦਾਂ ਰੱਖ ਰਹੀਆਂ ਹਨ ਕਿ ਉਹ ਇਸ ਮੁੱਦੇ ਉੱਤੇ ਭਾਰਤ ਸਰਕਾਰ ਨਾਲ ਗੱਲਬਾਤ ਕਰਨ।

ਪੰਜਾਬ ਵਿੱਚ ਰਾਜਨੀਤਿਕ ਪਾਰਟੀਆਂ ਇਸ ਨੂੰ ਆਪਣੇ ਫਾਇਦੇ ਲਈ ਵਰਤ ਰਹੀਆਂ ਹਨ। ਉਨ੍ਹਾਂ ਵੱਲੋਂ "ਕੈਨੇਡਾ ਨੀਤੀ ਭਾਰਤ ਵਿਰੋਧੀ ਹੈ" ਵਰਗੇ ਨੈਰੇਟਿਵ ਚਲਾਏ ਜਾ ਰਹੇ ਹਨ। ਇਸ ਨਾਲ ਖਾਲਿਸਤਾਨੀ ਗਤੀਵਿਧੀਆਂ ਨਾਲ ਜੁੜੀ ਚਰਚਾ ਵੀ ਤੇਜ਼ ਹੋਈ ਹੈ। ਕੈਨੇਡੀਅਨ ਅਦਾਲਤਾਂ ਪਹਿਲਾਂ ਹੀ ਖਾਲਿਸਤਾਨ ਨਾਲ ਜੁੜੇ ਐਸਾਈਲਮ ਕਲੇਮਾਂ ਨੂੰ ਰਿਜੈਕਟ ਕਰ ਰਹੀਆਂ ਸਨ ਅਤੇ ਉਨ੍ਹਾਂ ਨੂੰ "ਡਿਸਇੰਜੀਨੀਅਸ" ਦੱਸ ਰਹੀਆਂ ਸਨ।

ਅੱਜ ਇਸ ਨੀਤੀ ਨਾਲ ਇਹ ਰੁਝਾਨ ਹੋਰ ਮਜ਼ਬੂਤ ਹੋਵੇਗਾ। ਭਾਰਤ-ਕੈਨੇਡਾ ਰਿਸ਼ਤਿਆਂ ਉੱਤੇ ਵੀ ਅਸਰ ਪਿਆ ਹੈ। ਭਾਰਤ ਵੱਲੋਂ ਖਾਲਿਸਤਾਨੀ ਗਤੀਵਿਧੀਆਂ ਉੱਤੇ ਚਿੰਤਾ ਜ਼ਾਹਰ ਕੀਤੀ ਜਾ ਰਹੀ ਹੈ ਅਤੇ ਕੈਨੇਡਾ ਇਸ ਨੂੰ ਆਪਣੀ ਇਮੀਗ੍ਰੇਸ਼ਨ ਸਿਸਟਮ ਦੀ ਇੱਕਤਾ ਲਈ ਇੱਕ ਕਦਮ ਵਜੋਂ ਵੇਖ ਰਿਹਾ ਹੈ। ਇਸ ਨਾਲ ਡਾਇਸਪੋਰਾ ਵਿੱਚ ਵੰਡ ਵੱਧ ਸਕਦੀ ਹੈ। ਆਉਣ ਵਾਲੇ ਦਿਨਾਂ ਵਿੱਚ ਸੰਭਾਵਿਤ ਚੁਣੌਤੀਆਂ ਅਤੇ ਰਾਹ ਇਸ ਨੀਤੀ ਨਾਲ ਪੰਜਾਬ ਵਿੱਚ ਰਿਵਰਸ ਮਾਈਗ੍ਰੇਸ਼ਨ ਵਧ ਸਕਦਾ ਹੈ — ਯੁਵਕ ਘਰ ਵਾਪਸ ਆਉਣਗੇ ਅਤੇ ਉਨ੍ਹਾਂ ਨੂੰ ਰੁਜ਼ਗਾਰ ਅਤੇ ਸਮਾਜਿਕ ਏਕੀਕਰਨ ਦੀ ਲੋੜ ਪਵੇਗੀ। ਸਰਕਾਰਾਂ ਨੂੰ ਇਸ ਲਈ ਯੋਜਨਾਵਾਂ ਬਣਾਉਣੀਆਂ ਪੈਣਗੀਆਂ — ਸਕਿੱਲ ਡਿਵੈਲਪਮੈਂਟ, ਖੇਤੀ ਵਿਭਿੰਨਤਾ ਅਤੇ ਉਦਯੋਗਿਕ ਵਿਕਾਸ ਰਾਹੀਂ ਰੁਜ਼ਗਾਰ ਪੈਦਾ ਕਰਨਾ। ਪੰਜਾਬੀ ਡਾਇਸਪੋਰਾ ਨੂੰ ਵੀ ਆਪਣੀ ਰਣਨੀਤੀ ਬਦਲਣੀ ਪਵੇਗੀ — ਐਸਾਈਲਮ ਤੋਂ ਬਿਨਾਂ ਸਕਿੱਲਡ ਇਮੀਗ੍ਰੇਸ਼ਨ, ਐਕਸਪ੍ਰੈੱਸ ਐਂਟਰੀ ਅਤੇ ਬਿਜ਼ਨਸ ਇਮੀਗ੍ਰੇਸ਼ਨ ਉੱਤੇ ਧਿਆਨ ਦੇਣਾ ਪਵੇਗਾ। ਅੱਜ ਇਹ ਨੀਤੀ ਪੰਜਾਬ ਲਈ ਇੱਕ ਚੇਤਾਵਨੀ ਵੀ ਹੈ। ਇਸ ਨੇ ਯੁਵਕਾਂ ਨੂੰ ਆਪਣੇ ਸੂਬੇ ਵਿੱਚ ਰੁਜ਼ਗਾਰ ਅਤੇ ਵਿਕਾਸ ਲਈ ਲੜਨ ਲਈ ਮਜਬੂਰ ਕੀਤਾ ਹੈ। ਜੇਕਰ ਪੰਜਾਬ ਸਰਕਾਰ ਅਤੇ ਸਮਾਜ ਇਸ ਮੌਕੇ ਨੂੰ ਵਰਤ ਕੇ ਅੰਦਰੂਨੀ ਤਬਦੀਲੀ ਲਿਆਉਂਦਾ ਹੈ ਤਾਂ ਇਹ ਸੰਕਟ ਇੱਕ ਮੌਕਾ ਵੀ ਬਣ ਸਕਦਾ ਹੈ। ਨਹੀਂ ਤਾਂ ਯੁਵਕਾਂ ਦੀਆਂ ਉਮੀਦਾਂ ਟੁੱਟਣ ਨਾਲ ਸਮਾਜਿਕ ਅਸਥਿਰਤਾ ਵਧ ਸਕਦੀ ਹੈ। ਪੰਜਾਬੀਆਂ ਲਈ ਕੈਨੇਡਾ ਦਾ ਦਰਵਾਜ਼ਾ ਪੂਰੀ ਤਰ੍ਹਾਂ ਬੰਦ ਨਹੀਂ ਹੋਇਆ, ਪਰ ਐਸਾਈਲਮ ਵਾਲਾ ਆਸਾਨ ਰਾਹ ਲਗਭਗ ਬੰਦ ਹੋ ਗਿਆ ਹੈ। ਹੁਣ ਸਮਾਂ ਆ ਗਿਆ ਹੈ ਕਿ ਅਸੀਂ ਆਪਣੇ ਘਰ ਵਿੱਚ ਹੀ ਇੱਕ ਵਧੀਆ ਭਵਿੱਖ ਰਚੀਏ — ਨਸ਼ਾ ਮੁਕਤ, ਰੁਜ਼ਗਾਰਪੂਰਣ ਅਤੇ ਆਤਮਨਿਰਭਰ ਪੰਜਾਬ ਬਣਾਈਏ। ਇਸ ਲਈ ਰਾਜਨੀਤੀ ਤੋਂ ਉੱਪਰ ਉੱਠ ਕੇ ਸਾਰਿਆਂ ਨੂੰ ਇੱਕਜੁੱਟ ਹੋਣਾ ਪਵੇਗਾ।

# ਅਕਾਲੀ ਇਸ ਵਾਰ ਨਹੀਂ ਤਾਂ ਕਦੇ ਵੀ ਨਹੀਂ!



ਕਮਲਜੀਤ ਸਿੰਘ ਬਨਵੈਤ
98147 34035

- ਅਕਾਲੀ ਦਲ ਵਾਰਿਸ ਪੰਜਾਬ ਤੇ ਅਕਾਲੀ ਦਲ ਪੁਨਰ ਸੁਰਜੀਤ ਦਾ ਗੱਠਜੋੜ ਬਣੇਗਾ ਸੁਖਬੀਰ ਸਿੰਘ ਬਾਦਲ ਲਈ ਸਭ ਤੋਂ ਵੱਡੀ ਚੁਣੌਤੀ
- ਅਕਾਲੀ ਦਲ 10 ਸਾਲਾਂ ਤੋਂ ਸੱਤਾ ਤੋਂ ਦੂਰ, ਇਸ ਵਾਰ ਵੀ ਗੱਲ ਨਾ ਬਣੀ, ਤਾਂ ਮੁੜ ਉਮੀਦ ਰੱਖਣ ਦੀ ਨਹੀਂ ਹੋਵੇਗੀ ਕੋਈ ਤੁੱਕ
- ਆਮ ਆਦਮੀ ਪਾਰਟੀ ਹਾਰ ਜਾਂਦੀ ਹੈ ਤਾਂ ਨਹੀਂ ਰਹੇਗੀ, ਘਰ ਦੀ ਨਾ ਘਾਟ ਦੀ, ਪਹਿਲਾਂ ਹੀ ਗੁਆ ਚੁੱਕੀ ਹੈ ਦਿੱਲੀ
- ਕਾਂਗਰਸ ਵੀ ਜੇ ਇਸ ਵਾਰ ਨਹੀਂ ਤਾਂ ਦੁਬਾਰਾ ਪੈਰ ਲੱਗਣੇ ਹੋਣਗੇ ਔਖੇ, ਭਾਜਪਾ ਜੋ ਖੱਟੂ ਲਾਹੇ ਦਾ

ਅਗਲੇ ਸਾਲ ਨੂੰ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਇੱਕ ਨਵਾਂ ਇਤਿਹਾਸ ਰਚਣਗੀਆਂ। ਸ਼੍ਰੋਮਣੀ ਅਕਾਲੀ ਦਲ ਇਸ ਵਾਰ ਨਹੀਂ ਤਾਂ ਸਮਝੋ ਕਦੇ ਵੀ ਨਹੀਂ। ਹਾਲ ਪੰਜਾਬ ਕਾਂਗਰਸ ਦਾ ਵੀ ਇਹੋ ਹੋਣਾ ਹੈ। ਆਮ ਆਦਮੀ ਪਾਰਟੀ ਹਾਰ ਜਾਂਦੀ ਹੈ ਤਾਂ ਹੈ ਮੁਲਕ ਦੇ ਕਿਸੇ ਸੂਬੇ ਵਿੱਚ ਵੀ ਸਰਕਾਰ ਨਹੀਂ ਰਹਿਣੀ। ਆਪ ਪਹਿਲਾਂ ਦਿੱਲੀ ਗਵਾ ਚੁੱਕੀ ਹੈ ਭਾਰਤੀ ਜਨਤਾ ਪਾਰਟੀ ਜਿੰਨਾ ਵੀ ਉੱਪਰ ਜਾਂਦੀ ਹੈ ਸਾਰੀ ਉਸਦੀ ਪ੍ਰਾਪਤੀ ਹੋਵੇਗੀ। ਕਾਂਗਰਸ, ਆਪ ਅਤੇ ਭਾਜਪਾ ਤਿੰਨੋਂ ਕੌਮੀ ਪਾਰਟੀਆਂ ਹਨ। ਸ਼੍ਰੋਮਣੀ ਅਕਾਲੀ ਦਲ/ਅਕਾਲੀ ਦਲ ਵਾਰਿਸ ਪੰਜਾਬ ਦੀਆਂ ਦੋਵੇਂ ਖੇਤਰੀ ਪਾਰਟੀਆਂ ਹਨ। ਇਹਨਾਂ ਦੀ ਸਲਤਨਤ ਵੀ ਪੰਜਾਬ ਤੱਕ ਹੀ ਸੀਮਤ ਹੈ। ਉਂਝ ਲੋਕ ਪੰਜਾਬ ਦੀ ਸਤਾ ਖੇਤਰੀ ਪਾਰਟੀ ਦੇ ਹੱਥ ਵਿੱਚ ਦੇਣ ਦੀ ਇੱਛਾ ਰੱਖਦੇ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਪੰਜਾਬ ਅੰਦਰ ਧੜਾ ਧੜ 40 ਰੈਲੀਆਂ ਹੋਈਆਂ ਹਨ। ਇਹਨਾਂ ਰੈਲੀਆਂ ਨੂੰ ਤਕੜਾ ਹੁੰਗਾਰਾ ਮਿਲਦਾ ਰਿਹਾ ਹੈ। ਸੁਖਬੀਰ ਸਿੰਘ ਬਾਦਲ ਰੈਲੀਆਂ ਵਿੱਚ ਇਵੇਂ ਵਿਚਰਦੇ ਰਹੇ ਹਨ ਜਿਵੇਂ ਉਹ ਸਮਝਦੇ ਹੋਣ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਮੁੱਖ ਮੰਤਰੀ ਦੀ ਕੁਰਸੀ ਵੱਟ 'ਤੇ ਪੱਕੀ ਪਈ ਹੈ। ਇਹਨਾਂ ਰੈਲੀਆਂ ਵਿੱਚ ਜਿੱਥੇ ਆਪਣੇ ਬਾਪ ਮਰਹੂਮ ਪ੍ਰਕਾਸ਼ ਸਿੰਘ ਬਾਦਲ ਵੱਲੋਂ ਕੀਤੇ ਵਿਕਾਸ ਦੇ ਕੰਮਾਂ ਦਾ ਗੁਣਗਾਣ ਕੀਤਾ ਜਾਂਦਾ ਰਿਹਾ, ਉੱਥੇ ਭਾਸ਼ਾ ਉਲਾਂਭੇ ਖੱਟੇ ਹਨ।

ਰੈਲੀਆਂ ਨੂੰ ਮਿਲੇ ਹੁੰਗਾਰੇ ਤੋਂ ਬਾਅਦ ਉਹ ਇੱਕ ਤਰ੍ਹਾਂ ਨਾਲ ਆਪਣੇ ਆਪ ਨੂੰ ਜੇਤੂ ਸਮਝ ਕੇ ਟਿੱਕ ਬੈਠੇ ਹਨ। ਸ਼੍ਰੋਮਣੀ ਅਕਾਲੀ ਦਲ ਚੋਂ ਅੱਡ ਹੋਈ ਉਹਨਾਂ ਨੇ ਪੁਨਰ ਸੁਰਜੀਤ ਅਕਾਲੀ ਦਲ ਦੇ ਕਈ ਲੀਡਰਾਂ ਵੱਲੋਂ ਪਾਰਟੀ ਵਿੱਚ ਮੁੜ ਸ਼ਾਮਿਲ ਹੋਣ ਦੀਆਂ ਸੂਹਾਂ ਮਿਲਣ ਤੋਂ ਬਾਅਦ ਉਸ ਸਟੇਜਾਂ ਤੋਂ ਕਹਿਣ ਲੱਗ ਪਏ ਸਨ ਕਿ ਘਰ ਛੱਡ ਕੇ ਗਏ ਵਾਪਸ ਆ ਦਰਵਾਜ਼ਾ ਖੜਕਾਉਣ ਲੱਗੇ ਹਨ ਅਤੇ ਮੈਂ ਧੱਕੇ ਮਾਰ ਮਾਰ ਕੇ ਬਾਹਰ ਨੂੰ ਕੱਢ ਰਿਹਾ ਹਾਂ। ਹੁਣ ਪੁਨਰ ਸੁਰਜੀਤ ਅਕਾਲੀ ਦਲ ਅਤੇ ਅਕਾਲੀ ਦਲ ਵਾਰਿਸ ਪੰਜਾਬ ਦੇ ਵਿੱਚ ਸਿਆਸੀ ਗੱਠਜੋੜ ਨੇੜੇ ਹੁੰਦਿਆਂ ਦੇਖ ਉਹਨਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ ਹੈ। ਸੁਖਬੀਰ ਸਿੰਘ ਬਾਦਲ ਨੂੰ ਆਪ, ਕਾਂਗਰਸ ਜਾਂ ਭਾਜਪਾ ਨਾਲੋਂ ਪੰਥਕ ਗੱਠਜੋੜ ਤੋਂ ਵੱਧ ਖ਼ਤਰਾ ਹੈ। ਵਾਰਿਸ ਪੰਜਾਬ ਦੇ ਅਤੇ ਪੁਨਰ ਸੁਰਜੀਤ ਅਕਾਲੀ ਦਲ ਹੱਥ ਜੋੜ ਵਿੱਚ ਦੂਜੀਆਂ ਪੰਥਕ ਧਿਰਾਂ ਵੀ ਸ਼ਾਮਿਲ ਹੋ ਰਹੀਆਂ ਹਨ। ਸ਼੍ਰੋਮਣੀ ਅਕਾਲੀ ਦਲ ਬਾਦਲ ਅਤੇ ਪੰਥਕ ਧਿਰਾਂ ਦੀ ਲੜਾਈ ਗਹਿਗੱਚ ਤੋਂ ਵੀ ਅੱਗਲਾ ਰੂਪ ਧਾਰਨ ਕਰ ਸਕਦੀ ਹੈ।

ਉੱਪਰੋਂ ਸੁਖਬੀਰ ਸਿੰਘ ਬਾਦਲ ਪੰਜ ਸਿੰਘ ਸਾਹਿਬਾਨ ਵੱਲੋਂ ਸ਼੍ਰੀ ਅਕਾਲ ਤਖ਼ਤ ਸਾਹਿਬ ਫਸੀਲ ਤੋਂ ਦਸੰਬਰ ਨੂੰ ਜਾਰੀ ਕੀਤੇ ਹੁਕਮਨਾਮੇ ਨੂੰ ਉਹਨਾਂ ਦੇ ਖ਼ਿਲਾਫ਼ ਇੱਕ ਸਾਜ਼ਿਸ਼ ਕਹਿ ਕੇ ਆਪਣਾ ਵਿਰੋਧ ਮੁੜ ਤੋਂ ਸਹੇੜ ਬੈਠੇ ਹਨ। ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸੁਖਬੀਰ ਸਿੰਘ ਬਾਦਲ ਦੇ ਖਿਲਾਫ਼ ਸ਼੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ਼ਿਕਾਇਤ ਕਰਨ ਦਾ ਫ਼ੈਸਲਾ ਲਿਆ ਹੈ। ਸੁਖਬੀਰ ਸਿੰਘ ਬਾਦਲ ਨੇ ਦੋ ਦਸੰਬਰ ਨੂੰ ਸ਼੍ਰੀ ਅਕਾਲ ਤਖ਼ਤ ਸਾਹਿਬ ਮੂਹਰੇ ਗਲ ਵਿੱਚ ਪੱਲਾ ਪਾ ਕੇ ਸਾਰੇ ਗੁਨਾਹ ਕਬੂਲ ਕੀਤੇ ਸਨ ਪਰ ਬਾਅਦ ਵਿੱਚ ਉਹ ਆਨੇ ਬਹਾਨੇ ਪਿੱਠ ਦਿਖਾ ਗਏ। ਉਹਨਾਂ ਦਾ ਇਹ ਬਿਆਨ ਇੱਕ ਵੱਡੀ ਬਿਪਤਾ ਬਣ ਸਕਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਆਪਣੇ ਆਕਾ ਸੁਖਬੀਰ ਸਿੰਘ ਬਾਦਲ ਨੂੰ ਤਲਬ ਕਰਨ ਦਾ ਦਮ ਸ਼ਾਇਦ ਹੀ ਦਿਖਾਉਣ। ਜੇ ਤਲਬ ਕਰਨਾ ਕਿਸੇ ਹਾਲਤ ਵਿੱਚ ਮਜਬੂਰੀ ਬਣਦਾ ਹੈ ਤਾਂ ਉਹ ਉਹਨਾਂ ਕੋਲੋਂ ਸਪੱਸ਼ਟੀਕਰਨ ਲੈ ਕੇ ਬਾਅਦ ਵਿੱਚ ਉਸੇ ਤਰ੍ਹਾਂ ਆਪਣੀ ਸੰਤੁਸ਼ਟੀ ਜ਼ਾਹਿਰ ਕਰ ਸਕਦੇ ਹਨ, ਜਿਸ ਤਰ੍ਹਾਂ ਉਹਨਾਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੋਂ ਕਾਲਾ ਬੈਗ ਲੈ ਕੇ ਉਹਨਾਂ ਨੂੰ ਕਲੀਨ ਚੱਟ ਦੇ ਦਿੱਤੀ ਸੀ। ਪਰ ਕੁਝ ਵੀ ਹੋਵੇ ਸੰਗਤਾਂ ਦੇ ਮਨਾਂ ਨੂੰ ਠੇਸ ਜ਼ਰੂਰ ਪੁੱਜੀ ਹੈ। ਤਖ਼ਤ ਸਾਹਿਬਾਨਾਂ ਦੇ ਜਥੇਦਾਰ ਜਿਨ੍ਹਾਂ ਨੂੰ ਇੱਕ ਇੱਕ ਕਰਕੇ ਅਹੁਦੇ ਤੋਂ ਲਾਂਭੇ ਕੀਤਾ ਗਿਆ ਸੀ, ਇਹ ਉਹਨਾਂ ਉੱਤੇ ਇੱਕ ਵੱਖਰੀ ਤਰ੍ਹਾਂ ਦਾ ਹਮਲਾ ਹੈ।

ਸੁਖਬੀਰ ਸਿੰਘ ਬਾਦਲ ਕੋਲੇ ਪਾਰਟੀ ਦਾ ਮਜ਼ਬੂਤ ਕੇਡਰ ਹੈ। ਅਕਾਲੀ ਦਲ ਵਾਰਿਸ ਪੰਜਾਬ ਦੀ ਪਿੱਠ ਉੱਤੇ ਨੌਜਵਾਨ ਖੜ੍ਹਦੇ ਹਨ। ਵਾਰਿਸ ਪੰਜਾਬ ਦੇ ਬਾਨੀ ਪ੍ਰਧਾਨ ਅਤੇ ਹਲਕਾ ਖਡੂਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਨੂੰ ਜਿਵੇਂ ਹੁੰਗਾਰਾ ਮਿਲਿਆ ਸੀ ਅਤੇ ਉਸ ਤੋਂ ਬਾਅਦ ਵੋਟਾਂ ਦੌਰਾਨ ਜਿਵੇਂ ਲੋਕਾਂ ਨੇ ਰਿਕਾਰਡ ਤੋੜ ਜਿੱਤ ਦਿੱਤੀ ਸੀ, ਉਸ ਤੋਂ ਲੱਗਦਾ ਹੈ ਕਿ ਉਹਨਾਂ ਦਾ ਜਲਵਾ ਅਜੇ ਫਿੱਕਾ ਨਹੀਂ ਪਿਆ ਹੈ। ਉਹ ਆਪ ਡਿਬਰੂਗੜ ਜੇਲ੍ਹ ਵਿੱਚ ਬੰਦ ਹਨ। ਉਹਨਾਂ ਦੇ ਪਿਤਾ ਬਾਪੂ ਤਰਸੇਮ ਸਿੰਘ ਪੰਥਕ ਧਿਰਾਂ ਦੀ ਅਗਵਾਈ ਕਰ ਰਹੇ ਹਨ। ਵਿਧਾਨ ਸਭਾ ਹਲਕਾ ਦਾਖਾ ਤੋਂ ਵਿਧਾਇਕ ਅਤੇ ਕਿਸੇ ਵੇਲੇ ਸੁਖਬੀਰ ਦੇ ਨੇੜੇ ਰਹੇ ਮਨਪ੍ਰੀਤ ਸਿੰਘ ਇਆਲੀ ਉਹਨਾਂ ਦੀ ਸੱਜੀ ਬਾਂਹ ਬਣ ਕੇ ਨਾਲ ਤੁਰ ਰਹੇ ਹਨ। ਪਤਾ ਲੱਗਾ ਹੈ ਕਿ ਪੰਥਕ ਧਿਰਾਂ ਦਾ ਆਪਸ ਵਿੱਚ ਰਲੇਵਾਂ ਨਹੀਂ ਹੋ ਰਿਹਾ ਸਗੋਂ ਸੀਟਾਂ ਦੀ ਵੰਡ ਨੂੰ ਲੈ ਕੇ ਸਮਝੌਤਾ ਹੋ ਰਿਹਾ ਹੈ। ਇਹ ਸੁਖਬੀਰ ਸਿੰਘ ਬਾਦਲ ਸਮੇਤ ਦੂਜੀਆਂ ਸਿਆਸੀ ਪਾਰਟੀਆਂ ਲਈ ਖ਼ਤਰੇ ਦੀ ਘੰਟੀ ਹੋ ਸਕਦੀ ਹੈ। ਭਾਈ ਅੰਮ੍ਰਿਤਪਾਲ ਸਿੰਘ ਦਾ ਤੀਜੀ ਵਾਰ ਐਨ ਐਸ ਏ ਵਧਾਇਆ ਨਹੀਂ ਗਿਆ ਹੈ ਪਰ ਪੰਜਾਬ ਸਰਕਾਰ ਉਹਨਾਂ ਨੂੰ ਹੋਰ ਕਿਸਮ ਵਿੱਚ ਡਿਬਰੂਗੜ ਜੇਲ੍ਹ ਅੰਦਰ ਬੰਦ ਰੱਖਣ ਦੀ ਤਾਕ ਵਿੱਚ ਹੈ। ਸਾਲ 1989 ਨੂੰ ਚੇਤਿਆਂ ਵਿੱਚੋਂ ਨਾ ਵਿਸਾਰੀਏ ਤਾਂ ਉਸ ਵੇਲੇ ਇੱਕ ਵਗੀ ਵੱਖਰੀ ਹਵਾ ਵੱਡੇ ਵੱਡੇ ਸਿਆਸੀ ਥੰਮਾਂ ਨੂੰ ਰੋੜ ਕੇ ਲੈ ਗਈ ਸੀ।

ਦੁੱਖ ਤਾਂ ਇਹ ਹੈ ਕਿ ਦੂਜੀਆਂ ਪਾਰਟੀਆਂ ਵੀ ਆਪੋ ਆਪਣੀ ਡਫਲੀ ਵਜਾ ਰਹੀਆਂ ਹਨ। ਕਿਸੇ ਨੂੰ ਨਾ ਪੰਜਾਬ ਦੀ ਚਿੰਤਾ ਹੈ ਅਤੇ ਨਾ ਹੀ ਪੰਜਾਬੀਆਂ ਦੀ। ਸੱਤਾ ਹਾਸਲ ਕਰਨ ਲਈ ਸਿਆਸੀ ਲੀਡਰ ਕਿਸੇ ਵੀ ਹੱਦ ਤੱਕ ਜਾਣ ਲਈ ਕਾਹਲੇ ਹਨ। ਇਹਨਾਂ ਨੂੰ ਕਦੇ ਬੰਦੇ ਵਿੱਚੋਂ ਵੋਟ ਦਿਸਦੀ ਹੈ ਤੇ ਕਦੇ ਬੰਦੇ ਵਿੱਚੋਂ ਪੈਸਾ। ਗੱਲ ਸਮੇਂ ਸਮੇਂ ਦੀ ਹੈ। ਜਦੋਂ ਬੰਦਾ ਵੋਟ ਅਤੇ ਪੈਸਾ ਬਣ ਕੇ ਰਹਿ ਜਾਵੇ ਤਾਂ ਫਿਰ ਕੀ ਬਣੂ ਦੇਸ਼ ਦਾ ਅੱਲਾ ਜਾਣੇ।

ਸ਼੍ਰੋਮਣੀ ਅਕਾਲੀ ਦਲ ਪਿਛਲੇ ਦਸ ਸਾਲਾਂ ਤੋਂ ਸੱਤਾ ਤੋਂ ਦੂਰ ਹੈ, ਇਸੇ ਕਰਕੇ ਸੁਖਬੀਰ ਸਿੰਘ ਬਾਦਲ ਤੇ ਉਹਨਾਂ ਦੇ ਸਾਥੀ ਬੇਸਬਰੇ ਨਜ਼ਰ ਆ ਰਹੇ ਹਨ। ਉਹਨਾਂ ਨੂੰ ਛੱਡ ਕੇ ਗਏ ਕਈ ਸਾਰੇ ਅਕਾਲੀ ਲੀਡਰ ਵੀ ਸੱਤਾ ਦੀ ਝਾਕ ਵਿੱਚ ਹੀ ਦੂਜੇ ਪਾਸੇ ਗਏ ਸਨ। ਹੁਣ ਜਦੋਂ ਉਹਨਾਂ ਨੂੰ ਸੁਖਬੀਰ ਦਾ ਪੱਲੜਾ ਭਾਰੀ ਹੁੰਦਾ ਦਿਸਿਆ ਤਾਂ ਉਹਨਾਂ ਨੇ ਮੁੜ ਪਿੱਛੇ ਨੂੰ ਮੋੜਾ ਕੱਟ ਲਿਆ ਸੀ ਪਰ ਪੰਥਕ ਧਿਰਾਂ ਵਿੱਚ ਸਮਝੌਤਾ ਹੋਣ ਤੋਂ ਬਾਅਦ ਉਹਨਾਂ ਨੂੰ ਇਸ ਪਾਸੇ ਤੋਂ ਕੁਰਸੀ ਮਿਲਦੀ ਨਜ਼ਰ ਆਉਣ ਲੱਗੀ ਹੈ। ਇਸ ਤੋਂ ਪਹਿਲਾਂ ਪੰਜਾਬ ਵਿੱਚ ਦਹਾਕਿਆਂਬੱਧੀ ਕਾਂਗਰਸ ਅਤੇ ਅਕਾਲੀ ਦਲ ਵਿੱਚ ਉੱਤਰ ਕਾਟੋ ਮੈਂ ਚੜ੍ਹਾਂ ਦੀ ਖੇਡ ਚੱਲਦੀ ਰਹੀ ਸੀ। ਹੁਣ ਆਮ ਆਦਮੀ ਪਾਰਟੀ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਸਿਆਸੀ ਸਮਕੋਣ ਬਦਲ ਗਏ ਹਨ। ਇਸ ਤੋਂ ਪਹਿਲਾਂ ਭਾਰਤੀ ਜਨਤਾ ਪਾਰਟੀ ਪੰਜਾਬ ਵਿੱਚ ਅਕਾਲੀ ਦਲ ਦੇ ਛੋਟੇ ਭਰਾ ਵਜੋਂ ਵਿਚਰ ਰਹੀ ਸੀ। ਹੁਣ ਪੰਜਵੀਂ ਮਜ਼ਬੂਤ ਪੰਥਕ ਧਿਰ ਵੀ ਗੇੜਾ ਦਿੰਦੀ ਨਜ਼ਰ ਆਉਂਣ ਲੱਗੀ ਹੈ। ਪੰਜਾਬ ਦੀ ਨਵੀਂ ਸਿਆਸੀ ਦੌੜ ਵਿੱਚੋਂ ਸ਼੍ਰੋਮਣੀ ਅਕਾਲੀ ਦਲ ਦਾ ਮੂਹਰੇ ਨਿਕਲਣਾ ਜੇ ਅਸੰਭਵ ਨਹੀਂ ਤਾਂ ਮੁਸ਼ਕਲ ਜ਼ਰੂਰ ਹੈ। ਸ਼੍ਰੋਮਣੀ ਅਕਾਲੀ ਦਲ ਦਾ ਭਾਜਪਾ ਨਾਲ ਸਮਝੌਤਾ ਨਹੀਂ ਹੁੰਦਾ ਤਾਂ ਦੋਵੇਂ ਧਿਰਾਂ ਪੰਜਵੀਂ ਪੁਜੀਸ਼ਨ ਲਈ ਲੜਦੀਆਂ ਨਜ਼ਰ ਆਉਣਗੀਆਂ। ਹਾਂ ,ਇੱਕ ਗੱਲ ਪੱਕੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਪੰਥਕ ਧਿਰਾਂ ਅੰਦਰੋਂ ਇੱਕ ਹੋ ਜਾਣ ਤਾਂ ਇਹਨਾਂ ਨੂੰ ਕੋਈ ਹਰਾਉਣ ਵਾਲਾ ਜੰਮਿਆ ਨਹੀਂ। ਪਰ ਹਉਮੈ ਕਿਸੇ ਨੂੰ ਲਿਫਣ ਨਹੀਂ ਦਿੰਦੀ। ਮੈਂ ਦੂਜਿਆਂ ਨੂੰ ਉੱਪਰ ਉੱਠਣ ਨਹੀਂ ਦਿੰਦੀ। ਸੁਖਬੀਰ ਸਿੰਘ ਬਾਦਲ ਕਿਧਰੇ ਦੋ ਦਸੰਬਰ ਦੇ ਹੁਕਮਨਾਮੇ ਵਿੱਚ ਦਰਸਾਏ ਮਾਰਗ 'ਤੇ ਚੱਲ ਪੈਂਦੇ ਤਾਂ ਭਲਾ ਉਹਨਾਂ ਦਾ ਆਪਣਾ ਵੀ ਹੁੰਦਾ ਅਤੇ ਪੰਥ ਦਾ ਵੀ। ਹੁਣ ਉਹ ਸਮਾਂ ਬੀਤ ਗਿਆ ਲੱਗਦਾ ਹੈ ਜਦੋਂ ਅਕਾਲੀ ਲੀਡਰ ਕਿਹਾ ਕਰਦੇ ਸਨ ਕਿ ਪੰਥ ਵਸੇ ਮੈਂ ਉਜੜਾਂ ਮੈਂ ਮਨ ਚਾਉ ਘਨੇਰਾ। ਅਕਾਲੀ ਵਰਕਰ ਪੰਥ ਦੇ ਨਾਂ 'ਤੇ ਵੋਟਾਂ ਦੇ ਪੀਪੇ ਭਰ ਦਿੰਦੇ ਸਨ। ਸ਼ਾਇਦ ਉਹ ਇਸ ਭੁਲੇਖੇ ਵਿੱਚ ਰਹੇ ਹਨ ਕਿ ਪੰਥ ਦਾ ਮਤਲਬ ਖਾਲਸਾ ਰਾਜ ਹੈ। ਰੱਬ ਸਭ ਨੂੰ ਸੁਮੱਤ ਬਖਸ਼ੇ।



ਵਿੰਕਲਜੀਤ ਸਿੰਘ ਸਰਾ
9501477889

## ਆਸਥਾ ਦਾ ਵਪਾਰੀਕਰਨ

# ਧਾਰਮਿਕ ਅਸਥਾਨਾਂ 'ਤੇ ਪਸਰਿਆ ਰਿਸ਼ਵਤਖੋਰੀ ਦਾ ਜਾਲ ਅਤੇ ਰੂਹਾਨੀ ਕਤਲ

**ਆਸਥਾ ਦੀਆਂ ਬਰੂਹਾਂ 'ਤੇ ਪਸਰਿਆ ਵਪਾਰਕ ਹਨੇਰਾ** : ਕਿਸੇ ਵੀ ਸੱਭਿਅਤਾ ਵਿੱਚ ਧਾਰਮਿਕ ਅਸਥਾਨ ਉਹ ਪਵਿੱਤਰ ਟਾਪੂ ਹੁੰਦੇ ਹਨ, ਜਿੱਥੇ ਸੰਸਾਰੀ ਝੱਖੜਾਂ ਤੋਂ ਝੰਬਿਆ ਮਨੁੱਖ ਸਕੂਨ ਦੀ ਭਾਲ ਵਿੱਚ ਆਉਂਦਾ ਹੈ। ਇਹ ਉਹ ਦਰਬਾਰ ਹਨ, ਜਿੱਥੇ ਸਮਾਜਿਕ ਰੁਤਬੇ, ਜਾਤ-ਪਾਤ ਅਤੇ ਅਮੀਰੀ-ਗਰੀਬੀ ਦੀਆਂ ਦੀਵਾਰਾਂ ਢਹਿ ਜਾਣੀਆਂ ਚਾਹੀਦੀਆਂ ਸਨ। ਪਰ ਅਫ਼ਸੋਸ ਅੱਜ ਇਨ੍ਹਾਂ ਬਰੂਹਾਂ 'ਤੇ ਇੱਕ ਅਜਿਹਾ **'ਵਪਾਰਕ ਤੰਤਰ'** ਕਾਬਜ਼ ਹੋ ਚੁੱਕਾ ਹੈ, ਜਿਸ ਨੇ ਪ੍ਰਮਾਤਮਾ ਦੀ ਭਗਤੀ ਨੂੰ ਵੀ **'ਪ੍ਰੀਮੀਅਮ ਪੈਕੇਜ'** ਵਿੱਚ ਬਦਲ ਦਿੱਤਾ ਹੈ। ਜਦੋਂ ਅਸੀਂ ਧਾਰਮਿਕ ਅਸਥਾਨਾਂ ਦੇ ਅੰਦਰੂਨੀ ਪ੍ਰਬੰਧਾਂ ਦੀ **'ਪੜਚੋਲ'** ਕਰਦੇ ਹਾਂ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਇਹ ਸਿਰਫ਼ **'ਦਰਸ਼ਨਾਂ'** ਦੀ ਭੀੜ ਨਹੀਂ ਸਗੋਂ ਆਸਥਾ ਦੀ ਉਹ ਮੰਡੀ ਹੈ, ਜਿੱਥੇ ਗਰੀਬ ਦੀ ਸ਼ਰਧਾ ਨੂੰ ਅਮੀਰ ਦੇ ਹੰਕਾਰ ਹੇਠ ਕੁਚਲਿਆ ਜਾ ਰਿਹਾ ਹੈ। ਇਹ ਲੇਖ ਉਨ੍ਹਾਂ ਅਣਗੌਲੇ ਸੇਵਾਦਾਰਾਂ ਦੀ **'ਰੂਹਾਨੀ ਖ਼ੁਦਕੁਸ਼ੀ'** ਦਾ ਵਿਸ਼ਲੇਸ਼ਣ ਕਰਦਾ ਹੈ, ਜਿਨ੍ਹਾਂ ਨੇ ਇਨ੍ਹਾਂ ਇਮਾਰਤਾਂ ਨੂੰ ਆਪਣੀ ਜਵਾਨੀ ਦੇ ਕੇ ਸਿੰਝਿਆ ਸੀ।

**ਸੇਵਾ ਦੇ ਬਦਲਦੇ ਪੈਮਾਨੇ; ਜਦੋਂ 'ਧਨ' ਨੇ 'ਤਨ' ਅਤੇ 'ਮਨ' ਨੂੰ ਪਿਛਾੜ ਦਿੱਤਾ** : ਸਾਡੇ ਧਰਮ ਗ੍ਰੰਥਾਂ ਵਿੱਚ ਸੇਵਾ ਦੇ ਤਿੰਨ ਮੁੱਖ ਪੜਾਅ ਦੱਸੇ ਗਏ ਹਨ: **ਅਰਾਧਨਾ** (ਪਾਠ-ਸਿਮਰਨ), **ਤਨ ਦੀ ਸੇਵਾ** (ਸਰੀਰਕ ਮਿਹਨਤ) ਅਤੇ **ਧਨ ਦੀ ਸੇਵਾ** (ਆਰਥਿਕ ਦਾਨ)। ਪੁਰਾਤਨ ਸਮਿਆਂ ਵਿੱਚ ਧਨ ਦੀ ਸੇਵਾ ਨੂੰ ਸਭ ਤੋਂ ਨਿਮਾਣਾ (ਨਖਿੱਧ) ਗਿਣਿਆ ਜਾਂਦਾ ਸੀ ਕਿਉਂਕਿ ਇਸ ਵਿੱਚ ਹਉਮੈ ਦਾ ਡਰ ਹੁੰਦਾ ਸੀ। ਪਰ ਅੱਜ ਦੇ **'ਨਿਰਖ-ਪਰਖ'** ਮੁਤਾਬਕ, ਧਨ ਦੀ ਸੇਵਾ ਨੇ ਪਹਿਲਾ ਸਥਾਨ ਪ੍ਰਾਪਤ ਕਰ ਲਿਆ ਹੈ। ਜਿਸ ਕੋਲ ਪੈਸਾ ਹੈ ਪ੍ਰਬੰਧਕੀ ਕਮੇਟੀਆਂ ਉਸੇ ਨੂੰ **'ਵੱਡਾ ਸੇਵਾਦਾਰ'** ਮੰਨ ਕੇ ਵਿਸ਼ੇਸ਼ ਸਨਮਾਨਾਂ, ਸਿਰੋਪਾਓ ਅਤੇ ਯਾਦਗਾਰੀ ਚਿੰਨ੍ਹਾਂ ਨਾਲ ਨਿਵਾਜਦੀਆਂ ਹਨ। ਦੂਜੇ ਪਾਸੇ ਉਹ ਗਰੀਬ ਜਿਸ ਕੋਲ ਦੇਣ ਲਈ ਸਿਰਫ਼ ਆਪਣੀ ਜਵਾਨੀ ਅਤੇ ਸਮਾਂ ਸੀ, ਉਸ ਦੀ ਦਿਨ-ਰਾਤ ਦੀ ਘਾਲਣਾ ਨੂੰ ਇੱਕ ਮਾਮੂਲੀ **'ਮਜ਼ਦੂਰੀ'** ਦਾ ਨਾਮ ਦੇ ਕੇ ਅਣਗੌਲਿਆ ਕਰ ਦਿੱਤਾ ਜਾਂਦਾ ਹੈ।

**ਸੰਸਥਾਗਤ ਵਿਤਕਰਾ; ਧਰਮ ਦੇ ਨਾਂ 'ਤੇ ਫੈਲੀ ਰਿਸ਼ਵਤਖੋਰੀ** : ਗਰੀਬਾਂ ਨਾਲ ਵਿਤਕਰਾ ਅਕਸਰ ਸਰਕਾਰੀ ਜਾਂ ਨਿੱਜੀ ਸੰਸਥਾਵਾਂ ਵਿੱਚ ਦੇਖਣ ਨੂੰ ਮਿਲਦਾ ਸੀ ਪਰ ਹੁਣ ਇਹ ਧਾਰਮਿਕ ਅਸਥਾਨਾਂ ਵਿੱਚ ਵੀ ਬੁਰੀ ਤਰ੍ਹਾਂ ਫੈਲ ਚੁੱਕਾ ਹੈ। ਇੱਥੇ ਵੀ.ਆਈ.ਪੀ. ਕਲਚਰ ਦੇ ਰੂਪ ਵਿੱਚ ਇੱਕ ਅਜਿਹੀ ਰਿਸ਼ਵਤਖੋਰੀ ਚੱਲ ਰਹੀ ਹੈ, ਜਿੱਥੇ ਪੈਸੇ ਦੇ ਕੇ ਲਾਈਨਾਂ ਤੋੜੀਆਂ ਜਾਂਦੀਆਂ ਹਨ। ਜਦੋਂ ਕੋਈ ਵੱਡਾ ਦਾਨੀ ਜਾਂ ਪ੍ਰਭਾਵਸ਼ਾਲੀ ਵਿਅਕਤੀ **'ਪੈਰਾਸ਼ੂਟ'** ਰਾਹੀਂ ਉੱਤਰਦਾ ਹੈ ਤਾਂ ਪ੍ਰਬੰਧਕ ਉਸ ਅੱਗੇ ਵਿਛ ਜਾਂਦੇ ਹਨ। ਉਸੇ ਸਮੇਂ ਉਹ ਸੇਵਾਦਾਰ ਜੋ ਦਹਾਕਿਆਂ ਤੋਂ ਉਸ ਅਸਥਾਨ ਦੀ ਮਰਿਆਦਾ ਨੂੰ ਕਾਇਮ ਰੱਖਣ ਲਈ ਦਿਨ-ਰਾਤ ਇੱਕ ਕਰ ਰਿਹਾ ਸੀ, ਉਸ ਨੂੰ ਇੱਕ ਮਿੰਟ ਵਿੱਚ **'ਗਲਤ'** ਸਾਬਤ ਕਰਕੇ ਬਾਹਰ ਦਾ ਰਸਤਾ ਦਿਖਾ ਦਿੱਤਾ ਜਾਂਦਾ ਹੈ। ਅਮੀਰਾਂ ਦੀ ਜੀ-ਹਜ਼ੂਰੀ ਵਿੱਚ ਮਸਤ ਕਮੇਟੀਆਂ ਇਹ ਭੁੱਲ ਜਾਂਦੀਆਂ ਹਨ ਕਿ ਅਸਲ




ਦਾਨੀ ਉਹ ਗਰੀਬ ਸੀ, ਜਿਸ ਨੇ ਆਪਣੇ ਪਰਿਵਾਰ ਨੂੰ ਵਿਸਾਰ ਕੇ ਰੱਬ ਦੇ ਘਰ ਨੂੰ ਆਪਣਾ ਘਰ ਮੰਨਿਆ ਸੀ।

**ਸ਼ਰਧਾ ਦੀ ਤ੍ਰਾਸਦੀ; ਨਾ ਰੱਬ ਮਿਲਿਆ, ਨਾ ਦੁਨੀਆ** : ਇੱਕ ਗਰੀਬ ਸੇਵਾਦਾਰ ਆਪਣੀ ਸ਼ਰਧਾ ਵਿੱਚ ਇੰਨਾ ਸਮਰਪਿਤ ਹੁੰਦਾ ਹੈ ਕਿ ਉਹ ਬਾਹਰਲੀ ਦੁਨੀਆ, ਸਮਾਜਿਕ ਰਿਸ਼ਤਿਆਂ ਅਤੇ ਇੱਥੋਂ ਤੱਕ ਕਿ ਆਪਣੇ ਮਾਂ-ਪਿਓ, ਪਤਨੀ ਅਤੇ ਬੱਚਿਆਂ ਤੋਂ ਵੀ ਦੂਰ ਹੋ ਜਾਂਦਾ ਹੈ। ਉਹ ਸੋਚਦਾ ਹੈ ਕਿ ਉਸ ਦੀ ਇਹ **'ਘਾਲਣਾ'** ਉਸ ਨੂੰ ਪ੍ਰਮਾਤਮਾ ਦੇ ਨੇੜੇ ਲੈ ਜਾਵੇਗੀ। ਪਰ ਜਦੋਂ ਧਾਰਮਿਕ ਅਸਥਾਨਾਂ ਤੋਂ ਉਸ ਨੂੰ **'ਧੱਕਾ'** ਪੈਂਦਾ ਹੈ ਤਾਂ ਉਹ ਅਜਿਹੀ ਸਥਿਤੀ ਵਿੱਚ ਫਸ ਜਾਂਦਾ ਹੈ ਜਿੱਥੇ ਉਹ ਨਾ ਘਰ ਦਾ ਰਹਿੰਦਾ ਹੈ, ਨਾ ਘਾਟ ਦਾ।

**ਗੁਆਚਿਆ ਸਮਾਂ**: ਉਹ ਬੁਢਾਪੇ ਦੀ ਦਹਿਲੀਜ਼ 'ਤੇ ਖੜ੍ਹਾ ਆਪਣਾ ਉਹ ਕੀਮਤੀ ਸਮਾਂ ਲੱਭਦਾ ਫਿਰਦਾ ਹੈ ਜੋ ਉਸ ਨੇ ਸੇਵਾ ਦੇ ਲੇਖੇ ਲਾਇਆ ਸੀ।

**ਦੁਨੀਆ ਦੀ ਬੇਰੁਖੀ**: ਦੁਨੀਆ ਉਸ ਨੂੰ **'ਨਕਾਰਾ'** ਕਹਿ ਕੇ ਰੱਦ ਕਰ ਦਿੰਦੀ ਹੈ ਕਿਉਂਕਿ ਉਸ ਕੋਲ ਕੋਈ ਦੁਨਿਆਵੀ ਪੂੰਜੀ ਨਹੀਂ ਹੁੰਦੀ।

**ਆਸਥਾ ਦਾ ਟੁੱਟਣਾ**: ਸਭ ਤੋਂ ਵੱਡਾ ਦੁੱਖ ਇਹ ਹੁੰਦਾ ਹੈ ਕਿ ਜਿਸ ਰੱਬ ਲਈ ਉਸ ਨੇ ਸਭ ਕੁਝ ਤਿਆਗਿਆ, ਉਸ ਦੇ ਘਰ ਵਿੱਚ ਹੋਈ ਬੇਇੱਜ਼ਤੀ ਉਸ ਦੇ ਮਨ ਵਿੱਚੋਂ ਰੱਬ ਦੀ ਹੋਂਦ ਨੂੰ ਵੀ ਧੁੰਦਲਾ ਕਰ ਦਿੰਦੀ ਹੈ।

**ਮਾਨਸਿਕ ਕਤਲ ਅਤੇ ਪਰਿਵਾਰਕ ਬੋਝ** : ਧਾਰਮਿਕ ਸੰਸਥਾਵਾਂ ਤੋਂ ਬੇਦਖ਼ਲ ਹੋਣ ਤੋਂ ਬਾਅਦ ਜਦੋਂ ਉਹ ਸੇਵਾਦਾਰ ਆਪਣੇ ਪਰਿਵਾਰ ਕੋਲ ਵਾਪਸ ਜਾਂਦਾ ਹੈ ਤਾਂ ਉਸ ਨੂੰ ਪਛਤਾਵੇ ਦੀ ਅੱਗ ਸਾੜਦੀ ਹੈ। ਉਸ ਨੂੰ ਅਹਿਸਾਸ ਹੁੰਦਾ ਹੈ ਕਿ ਉਹ ਆਪਣੇ ਭੈਣ-ਭਰਾਵਾਂ ਅਤੇ ਬੱਚਿਆਂ ਦੇ ਵਧਣ-ਫੁੱਲਣ ਦੇ ਸੁਨਹਿਰੀ ਪਲ ਗੁਆ ਚੁੱਕਾ ਹੈ। ਸਰੀਰਕ ਸ਼ਕਤੀ ਖ਼ਤਮ ਹੋ ਜਾਣ ਕਾਰਨ ਉਹ ਹੁਣ ਨਵੀਂ ਸ਼ੁਰੂਆਤ ਨਹੀਂ ਕਰ ਸਕਦਾ ਅਤੇ ਆਪਣੇ ਹੀ ਪਰਿਵਾਰ 'ਤੇ ਬੋਝ ਬਣ ਜਾਂਦਾ ਹੈ। ਉਸ ਕੋਲ ਆਪਣੇ ਦੁੱਖੜੇ ਸੁਣਾਉਣ ਲਈ ਇੱਕ **'ਕੰਧਾ'** ਤੱਕ ਨਸੀਬ ਨਹੀਂ ਹੁੰਦੀ ਕਿਉਂਕਿ ਉਸ ਨੇ ਸੇਵਾ ਦੇ ਜਨੂੰਨ ਵਿੱਚ ਸਾਰੇ ਸਮਾਜਿਕ ਰਿਸ਼ਤੇ ਤੋੜ ਲਏ ਹੁੰਦੇ ਹਨ। ਇਹ ਸਥਿਤੀ ਉਸ ਨੂੰ ਡੂੰਘੇ ਡਿਪ੍ਰੈਸ਼ਨ (Depression) ਵੱਲ ਧੱਕਦੀ ਹੈ, ਜਿੱਥੇ ਨਕਾਰਾਤਮਕ ਵਿਚਾਰ ਉਸ ਦੀ ਜ਼ਿੰਦਗੀ ਦਾ ਅੰਤ ਕਰਨ ਦੀ ਕੋਸ਼ਿਸ਼ ਕਰਦੇ ਹਨ।

**ਜ਼ਮੀਰ ਨੂੰ ਇੱਕ ਤਿੱਖਾ ਸਵਾਲ** : ਕੀ ਸਾਡੀਆਂ ਧਾਰਮਿਕ ਸੰਸਥਾਵਾਂ ਕੋਲ ਉਨ੍ਹਾਂ ਜ਼ਿੰਦਗੀਆਂ ਦਾ ਕੋਈ ਹਿਸਾਬ ਹੈ ਜੋ ਸੇਵਾ ਦੇ ਨਾਂ 'ਤੇ ਤਬਾਹ ਹੋ ਗਈਆਂ? ਚਾਹੇ ਉਹ ਕੋਈ ਵੀ ਧਰਮ ਹੋਵੇ ਜੇਕਰ ਉੱਥੇ ਪੈਸੇ ਦੀ ਰਿਸ਼ਵਤਖੋਰੀ ਅਤੇ VIP ਕਲਚਰ ਕਾਰਨ ਇੱਕ ਗਰੀਬ ਸੇਵਾਦਾਰ ਦੀ ਘਾਲਣਾ ਮਿੱਟੀ ਵਿੱਚ ਮਿਲਦੀ ਹੈ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਉੱਥੋਂ **'ਰੱਬ'** ਜਾ ਚੁੱਕਾ ਹੈ। ਗੈਬੀ ਸ਼ਕਤੀ ਭਾਵੇਂ ਉਸ ਦੀ ਸੇਵਾ ਬਿਰਥਾ ਨਾ ਜਾਣ ਦੇਵੇ ਪਰ ਦੁਨਿਆਵੀ ਤੌਰ 'ਤੇ ਉਸ ਇਨਸਾਨ ਨੂੰ ਜੋ ਜ਼ਖਮ ਲੱਗੇ ਹਨ ਉਹ ਕਦੇ ਨਹੀਂ ਭਰ ਸਕਦੇ। ਅਸਲ ਧਰਮ ਉਹ ਹੈ ਜੋ ਉਸ ਗਰੀਬ ਦੇ ਹੰਝੂ ਪੂੰਝੇ, ਜਿਸ ਨੇ ਆਪਣੀ ਪੂਰੀ ਹੋਂਦ ਉਸ ਅਸਥਾਨ ਦੇ ਲੇਖੇ ਲਾ ਦਿੱਤੀ ਨਾ ਕਿ ਉਨ੍ਹਾਂ ਨੂੰ ਸਿਰੋਪਾਓ ਦੇਵੇ ਜੋ ਸਿਰਫ਼ ਆਪਣੀ ਤਾਕਤ ਅਤੇ ਪੈਸੇ ਦਾ ਪ੍ਰਦਰਸ਼ਨ ਕਰਨ ਲਈ ਆਉਂਦੇ ਹਨ। ਇਹ ਲੇਖ ਉਨ੍ਹਾਂ ਹਜ਼ਾਰਾਂ ਅਣਗੌਲੇ ਸੇਵਾਦਾਰਾਂ ਦੀ ਆਵਾਜ਼ ਹੈ ਜਿਨ੍ਹਾਂ ਦਾ ਰੱਬ ਦੇ ਘਰ ਵਿੱਚ ਹੀ 'ਮਾਨਸਿਕ ਕਤਲ' ਕਰ ਦਿੱਤਾ ਗਿਆ।



# ਸਿਹਤਨਾਮਾ



# ਜਦੋਂ ਤੁਸੀਂ 6 ਹਫ਼ਤਿਆਂ ਤੱਕ ਮਿੱਠਾ ਖਾਣਾ ਛੱਡ ਦਿੰਦੇ ਹੋ, ਤਾਂ ਤੁਹਾਡੇ ਸਰੀਰ ਵਿੱਚ ਕਿਹੋ ਜਿਹੇ ਬਦਲਾਅ ਆਉਂਦੇ ਹਨ



ਮੇਲਿਸਾ ਹੋਗੇਨਬੂਮ

**ਚੀਨੀ**, ਖੰਡ ਜਾਂ ਮਿੱਠੇ ਵਾਲੇ ਭੋਜਨ ਪਦਾਰਥ ਹਰ ਥਾਂ ਮੌਜੂਦ ਹਨ। ਇੱਥੋਂ ਤੱਕ ਕਿ ਕੁਝ ਅਜਿਹੀਆਂ ਥਾਵਾਂ 'ਤੇ ਵੀ, ਜਿੱਥੇ ਤੁਸੀ ਉਮੀਦ ਵੀ ਨਹੀ ਕਰ ਸਕਦੇ। ਤਾਂ ਬਿਨਾਂ ਖੰਡ ਜਾਂ ਮਿੱਠੇ ਦੇ ਰਹਿਣਾ ਕਿੰਨਾ ਆਸਾਨ ਹੈ ਅਤੇ ਇਸ ਦਾ ਤੁਹਾਡੀ ਸਿਹਤ 'ਤੇ ਕੀ ਅਸਰ ਪੈ ਸਕਦਾ ਹੈ? ਹਾਲਾਂਕਿ ਮੈਂ ਆਮ ਤੌਰ 'ਤੇ ਪੋਸ਼ਣ ਭਰੀ ਤੇ ਸਿਹਤਮੰਦ ਖੁਰਾਕ ਲੈਂਦੀ ਹਾਂ, ਜਿਸ ਵਿੱਚ ਘਰ ਦਾ ਬਣਿਆ ਖਾਣਾ ਜ਼ਿਆਦਾ ਹੁੰਦਾ ਹੈ, ਪਰ ਮੈਨੂੰ ਮਿੱਠਾ ਖਾਣ ਦਾ ਵੀ ਬਹੁਤ ਸ਼ੌਕ ਹੈ ਅਤੇ ਮੈਂ ਹਰ ਰੋਜ਼ ਇੱਕ-ਦੋ ਚਾਕਲੇਟ ਜਾਂ ਮਿੱਠੀਆਂ ਚੀਜ਼ਾਂ ਖਾ ਹੀ ਲੈਂਦੀ ਹਾਂ। ਇਸ ਵਿੱਚ ਕੋਈ ਹੈਰਾਨੀ ਦੀ ਗੱਲ ਨਹੀ ਹੈ ਕਿ ਸਾਡੀ ਅੱਜ ਦੀ ਡਾਇਟ ਵਿੱਚ ਮਿੱਠੇ/ਖੰਡ ਦਾ ਜ਼ਿਆਦਾ ਇਸਤੇਮਾਲ ਬਹੁਤ ਆਮ ਗੱਲ ਹੈ। ਇਹ ਸਾਡੇ ਦੰਦਾਂ ਲਈ ਮਾੜੀ ਹੈ, ਸਾਡੀ ਸਿਹਤ ਲਈ ਨੁਕਸਾਨਦਾਇਕ ਹੈ, ਅਤੇ ਕੁਝ ਸਬੂਤ ਇਹ ਵੀ ਦੱਸਦੇ ਹਨ ਕਿ ਬਹੁਤ ਜ਼ਿਆਦਾ ਖੰਡ ਖਾਣ ਨਾਲ ਲੰਬੇ ਸਮੇਂ ਤੱਕ ਦਿਮਾਗੀ ਕਮਜ਼ੋਰੀ (cognitive deficits) ਹੋ ਸਕਦੀ ਹੈ। ਕਿਉਂਕਿ ਮੇਰਾ ਕੰਮ ਸਿਹਤ ਅਤੇ ਤੰਦਰੁਸਤੀ 'ਤੇ ਰਿਪੋਰਟ ਕਰਨਾ ਹੈ, ਇਸ ਲਈ ਮੈਨੂੰ ਉਨ੍ਹਾਂ ਮਿੱਠੀਆਂ ਚੀਜ਼ਾਂ ਨੂੰ ਖਾਣ ਸਬੰਧੀ ਚਿੰਤਾ ਹੋਣ ਲੱਗੀ, ਜਿਨ੍ਹਾਂ ਵਿੱਚ ਰਿਫਾਈਡ ਖੰਡ ਦੇ ਨਾਲ ਅਕਸਰ ਕਈ ਕਿਸਮ ਦੇ ਐਡੀਟਿਵਜ਼ ਵੀ ਹੁੰਦੇ ਹਨ। ਅਸਲ ਵਿੱਚ ਮੇਰੀ ਰੋਜ਼ਾਨਾ ਦੀਆਂ ਮਨਪਸੰਦ ਮਿੱਠੀਆਂ ਚੀਜ਼ਾਂ ਵਿੱਚੋ ਇੱਕ ਵਿੱਚ ਇੰਨੀ ਖੰਡ ਹੁੰਦੀ ਹੈ ਜੋ ਮੇਰੀ ਇੱਕ ਦਿਨ ਦੀ ਲੋੜ ਤੋਂ ਅੱਧ ਤੋਂ ਵੱਧ ਹੈ।

## ਖੰਡ ਛੱਡਣਾ ਵੀ ਕੋਈ ਆਸਾਨ ਕੰਮ ਨਹੀਂ

ਅਮਰੀਕਾ ਵਿੱਚ ਡਾਇਟ ਨਾਲ ਸਬੰਧਤ ਦਿਸ਼ਾ-ਨਿਰਦੇਸ਼ਾਂ ਮੁਤਾਬਕ, ਖਾਣ-ਪੀਣ ਦੀਆਂ ਚੀਜ਼ਾਂ ਵਿੱਚ ਉੱਪਰੋਂ ਮਿਲਾਈ ਗਈ ਖੰਡ (ਐਡਿਡ ਸ਼ੂਗਰ) ਦੀ ਮਾਤਰਾ 12 ਚਮਚ (ਲਗਭਗ 50 ਗ੍ਰਾਮ) ਤੋਂ ਘੱਟ ਹੋਣੀ ਚਾਹੀਦੀ ਹੈ। ਯੂਕੇ ਵਿੱਚ, ਐਨਐਚਐਸ ਲੋਕਾਂ ਨੂੰ ਰੋਜ਼ਾਨਾ ਸੱਤ ਚਮਚ (30 ਗ੍ਰਾਮ) ਤੋਂ ਘੱਟ ਖੰਡ ਖਾਣ ਦੀ ਸਲਾਹ ਦਿੰਦਾ ਹੈ। ਯੂਐਸ ਨੈਸ਼ਨਲ ਹੈਲਥ ਐਂਡ ਨਿਊਟ੍ਰਿਸ਼ਨ ਐਗਜ਼ਾਮਿਨੇਸ਼ਨ ਸਰਵੇਖਣ ਦੇ ਮੁਤਾਬਕ, ਹਕੀਕਤ ਵਿੱਚ ਅਮਰੀਕਾ 'ਚ ਬਾਲਗ ਰੋਜ਼ਾਨਾ 16-17 ਚਮਚ (65-70 ਗ੍ਰਾਮ) ਤੋਂ ਵੀ ਵੱਧ ਖੰਡ ਖਾ ਲੈਂਦੇ ਹਨ। ਇਸਨੂੰ ਸੌਖੇ ਸ਼ਬਦਾਂ ਵਿੱਚ ਸਮਝੋ ਤਾਂ 4 ਗ੍ਰਾਮ ਖੰਡ ਦਾ ਮਤਲਬ ਹੈ ਲਗਭਗ ਇੱਕ ਚਮਚ ਖੰਡ (ਸਮਤਲ ਢੰਗ ਨਾਲ ਭਰਿਆ ਹੋਇਆ)। ਇੰਨੀ ਸਾਰੀ ਖੰਡ ਛੱਡਣਾ ਵੀ ਕੋਈ ਆਸਾਨ ਕੰਮ ਨਹੀ ਹੈ। ਪਰ ਮੈਂ ਫੈਸਲਾ ਕੀਤਾ ਕਿ ਮੈਂ ਦੇਖਾਂਗੀ ਕਿ ਕੀ ਵਾਕਈ ਆਪਣੀ ਰੋਜ਼ਾਨਾ ਦੀ ਖੰਡ ਜਾਂ ਮਿੱਠਾ ਖਾਣ ਦੀ ਆਦਤ ਨੂੰ ਤੋੜਨਾ ਸੰਭਵ ਹੈ। ਮੈਂ ਆਪਣੇ ਆਪ ਨੂੰ ਇੱਕ ਚੁਣੌਤੀ ਦਿੱਤੀ ਕਿ ਮੈਂ ਛੇ ਹਫ਼ਤਿਆਂ ਤੱਕ ਅਜਿਹੀ ਕੋਈ ਵੀ ਚੀਜ਼ ਨਹੀ ਖਾਵਾਂਗੀ ਜਿਸ ਵਿੱਚ ਉੱਪਰੋਂ ਰਿਫਾਈਡ ਖੰਡ ਮਿਲਾਈ ਗਈ ਹੋਵੇ। ਮੈਂ ਸ਼ਹਿਦ ਅਤੇ ਫਲਾਂ ਦੇ ਜੂਸ ਤੋਂ ਵੀ ਪਰਹੇਜ਼ ਕੀਤਾ, ਪਰ ਮੈਂ ਸਾਬਤ ਫਲ ਖਾਂਦੀ ਰਹੀ ਜਿਨ੍ਹਾਂ ਵਿੱਚ ਕੁਦਰਤੀ ਤੌਰ 'ਤੇ ਖੰਡ ਹੁੰਦੀ ਹੈ, ਨਾਲ ਹੀ ਮੈਂ ਕਾਮਪਲੇਕਸ ਕਾਰਬੋਹਾਈਡਰੇਟ ਵੀ ਖਾਦੇ - ਜਿਨ੍ਹਾਂ ਨੂੰ ਖਾਣ 'ਤੇ ਸਾਡਾ ਸਰੀਰ ਉਨ੍ਹਾਂ ਨੂੰ ਤੋੜ ਕੇ ਗਲੂਕੋਜ਼ ਵਿੱਚ ਬਦਲ ਦਿੰਦਾ ਹੈ ਅਤੇ ਇਹੀ ਗਲੂਕੋਜ਼ ਸਾਡੇ ਸਰੀਰ ਅਤੇ ਦਿਮਾਗ ਲਈ ਊਰਜਾ ਦਾ ਮੁੱਖ ਸਰੋਤ ਹੁੰਦਾ ਹੈ। ਸ਼ੁਰੂ ਤੋਂ ਹੀ, ਮੈਂ ਆਪਣੀ ਊਰਜਾ ਦੇ ਪੱਧਰ ਅਤੇ ਆਪਣੇ ਮਹਿਸੂਸ ਕਰਨ ਦੇ ਤਰੀਕੇ ਵਿੱਚ ਕੁਝ ਹੈਰਾਨ ਕਰਨ ਵਾਲੇ ਬਦਲਾਅ ਵੇਖੇ। ਦੁਪਹਿਰ ਦੇ ਖਾਣੇ ਤੋਂ ਬਾਅਦ ਆਉਣ ਵਾਲੀ ਸੁਸਤੀ ਦੂਰ ਹੋ ਗਈ, ਪਰ ਮੈਂ ਅਕਸਰ ਬੇਮਨੀ ਹੋਕੇ ਆਪਣੇ ਫ੍ਰਿਜ ਵਿੱਚ ਝਾਕਦੀ ਰਹਿੰਦੀ ਸੀ ਅਤੇ ਕੁਝ ਮਜ਼ੇਦਾਰ (ਮਿੱਠਾ) ਖਾਣ ਲਈ ਲੱਭਦੀ ਰਹਿੰਦੀ ਸੀ, ਪਰ ਮੈਨੂੰ ਕੁਝ ਨਹੀ ਮਿਲਦਾ ਸੀ। ਮੈਨੂੰ ਇੰਝ ਲੱਗਦਾ ਸੀ ਕਿ ਮੈਂ ਕਿਸੇ ਚੀਜ਼ ਤੋਂ ਵਾਂਝੀ ਰਹਿ ਰਹੀ ਹਾਂ।

## ਖੰਡ ਹਰ ਥਾਂ ਹੈ

ਸਭ ਤੋਂ ਪਹਿਲਾਂ ਤਾਂ ਇਹ ਸੋਚਣਾ ਜ਼ਰੂਰੀ ਹੈ ਕਿ ਸਾਡੇ ਖਾਣੇ ਵਿੱਚ ਕਿੰਨੀ ਖੰਡ ਮਿਲਾਈ ਜਾਂਦੀ ਹੈ। ਹੈਰਾਨੀ ਦੀ ਗੱਲ ਹੈ ਕਿ ਮੈਨੂੰ ਖੰਡ ਨਾ ਖਾਣਾ ਜਾਂ ਇਸ ਨੂੰ ਨਜ਼ਰਅੰਦਾਜ਼ ਕਰਨਾ ਕਿੰਨਾ ਔਖਾ ਲੱਗਾ। ਆਪਣੇ ਆਲੇ-ਦੁਆਲੇ ਦੇ ਸੁਪਰਮਾਰਕੀਟ ਦੀਆਂ ਸ਼ੈਲਫਾਂ ਨੂੰ ਦੇਖਦਿਆਂ, ਮੈਂ ਅਜਿਹੇ ਖਾਣਿਆਂ ਵਿੱਚ ਵੀ ਖੰਡ ਦੇਖੀ ਜਿਨ੍ਹਾਂ ਦੀ ਮੈਨੂੰ ਉਮੀਦ ਤੱਕ ਨਹੀ ਸੀ, ਜਿਵੇਂ ਕਿ ਇੱਕ ਡੇਲੀ ਸਾਰਡੋ ਸੈਂਡਵਿਚ, ਜਿਸ ਵਿੱਚ 5.7 ਗ੍ਰਾਮ ਖੰਡ ਸੀ, ਅਤੇ ਇੱਕ ਬੋਲੋਗਨੀਜ਼ ਰੈਡੀ ਮੀਲ ਵਿੱਚ 9 ਗ੍ਰਾਮ ਖੰਡ ਸੀ। ਨਾਸ਼ਤੇ ਦੇ ਕਈ ਸੀਰੀਅਲਜ਼ ਵਿੱਚ ਉਪਰੋਂ ਦੀ ਵੀ ਖੰਡ ਪਾਈ ਹੁੰਦੀ ਹੈ ਅਤੇ ਸੁਪਰਮਾਰਕੀਟ ਤੋਂ ਆਮ ਤੌਰ 'ਤੇ ਖਰੀਦੀ ਜਾਣ ਵਾਲੀ ਬ੍ਰੈੱਡ ਦੇ ਇੱਕ ਸਲਾਈਸ ਵਿੱਚ ਲਗਭਗ 1.2 ਗ੍ਰਾਮ ਖੰਡ ਹੁੰਦੀ ਹੈ। ਕਈ ਖਾਣ ਵਾਲੇ ਅਲਟਰਾ-ਪ੍ਰੋਸੈਸਡ ਪਦਾਰਥਾਂ ਵਿੱਚ ਵੀ ਖੰਡ ਵੱਧ ਮਾਤਰਾ ਵਿੱਚ ਹੁੰਦੀ ਹੈ - ਜਿਨ੍ਹਾਂ ਦੇ ਸਿਹਤ 'ਤੇ ਮਾੜੇ ਅਸਰ ਪੈਂਦੇ ਹਨ ਅਤੇ ਜਿਨ੍ਹਾਂ ਵਿੱਚ ਫਲ, ਸਬਜ਼ੀਆਂ ਅਤੇ ਪੂਰੇ ਅਨਾਜ ਵਰਗੀ ਖੁਰਾਕ ਨਾਲੋਂ ਘੱਟ ਪੌਸ਼ਕ ਤੱਤ ਹੁੰਦੇ ਹਨ। ਸਾਡੇ ਖਾਣੇ ਵਿੱਚ ਖੰਡ ਦੇ ਕਈ ਵੱਖ-ਵੱਖ ਰੂਪ ਹੁੰਦੇ ਹਨ। ਗਲੂਕੋਜ਼ ਸ਼ਾਇਦ ਸਭ ਤੋਂ ਆਮ ਹੈ, ਪਰ ਫਲਾਂ ਅਤੇ ਕਈ ਸਿਰਪਾਂ ਵਿੱਚ ਫ੍ਰਕਟੋਜ਼, ਦੁੱਧ ਵਿੱਚ ਲੈਕਟੋਜ਼, ਅਤੇ ਸੁਕਰੋਜ਼ ਵੀ ਹੁੰਦਾ ਹੈ, ਜਿਸਨੂੰ ਆਮ ਤੌਰ 'ਤੇ 'ਟੇਬਲ ਸ਼ੂਗਰ' ਕਿਹਾ ਜਾਂਦਾ ਹੈ ਅਤੇ ਇਹ ਸਾਡੇ ਆਹਾਰ ਵਿੱਚ ਮਿਲਾਈ ਗਈ "ਫ੍ਰੀ ਸ਼ੂਗਰ" ਦੇ ਮੁੱਖ ਰੂਪਾਂ ਵਿੱਚੋਂ ਇੱਕ ਹੈ। ਫ੍ਰੀ ਸ਼ੂਗਰ ਜੂਸ, ਸਿਰਪ ਅਤੇ ਸ਼ਹਿਦ ਵਿੱਚ ਵੀ ਮਿਲਦੀ ਹੈ, ਕਿਉਂਕਿ ਇਹ ਸਾਡੇ ਖਾਣੇ ਦੀਆਂ ਕੋਸ਼ਿਕਾਵਾਂ ਵਿੱਚ ਬੱਝੀ ਹੋਈ ਨਹੀ ਹੁੰਦੀ। ਇਹ ਰਿਫਾਈਡ ਫ੍ਰੀ ਸ਼ੂਗਰ ਜਾਂ ਮੀਠਾ ਸਿਹਤ 'ਤੇ ਪੈਣ ਵਾਲੇ ਮਾੜੇ ਅਸਰ ਵਿੱਚ ਸਭ ਤੋਂ ਵੱਧ ਯੋਗਦਾਨ ਪਾਉਂਦਾ ਹੈ। ਮਿਸ਼ਿਗਨ ਯੂਨੀਵਰਸਿਟੀ ਵਿੱਚ ਮਨੋਵਿਗਿਆਨ ਦੇ ਪ੍ਰੋਫੈਸਰ ਐਸ਼ਲੇ ਗੇਅਰਹਾਰਡਟ ਕਹਿੰਦੇ ਹਨ, "ਅਸੀ ਜਨਮ ਤੋਂ ਹੀ ਮਿੱਠਾ ਸਵਾਦ ਪਸੰਦ ਕਰਦੇ ਹਾਂ, ਸ਼ੁਰੂਆਤੀ ਦਿਨਾਂ ਵਿੱਚ ਇਹ ਮਾਂ ਦੇ ਦੁੱਧ ਦਾ ਹਿੱਸਾ ਹੁੰਦਾ ਹੈ, ਜਦੋਂ ਤੁਹਾਡਾ ਵਜ਼ਨ ਤੇਜ਼ੀ ਨਾਲ ਵਧਣਾ ਚਾਹੀਦਾ ਹੈ।" ਉਹ ਕਹਿੰਦੇ ਹਨ ਕਿ ਸਮੱਸਿਆ ਇਹ ਹੈ ਕਿ "ਅਸੀ ਬਹੁਤ ਹੀ ਸਸਤੇ ਵਿੱਚ ਮਿੱਠਾ ਸਵਾਦ ਦੇਣ ਵਿੱਚ ਇੰਨੇ ਮਾਹਿਰ ਹੋ ਗਏ ਹਾਂ।"

## ਖੰਡ ਸਾਡੇ ਨਾਲ ਕੀ ਕਰਦੀ ਹੈ?

ਖੋਜ ਦੱਸਦੀ ਹੈ ਕਿ ਜਦੋਂ ਅਸੀ ਵੱਧ ਮਿੱਠੇ ਵਾਲਾ ਖਾਣਾ ਖਾਂਦੇ ਹਾਂ, ਤਾਂ ਇਸ ਨਾਲ ਸਾਡੇ ਖੂਨ ਵਿੱਚ ਸ਼ੂਗਰ ਦਾ ਪੱਧਰ ਤੇਜ਼ੀ ਨਾਲ ਵਧ ਜਾਂਦਾ ਹੈ। ਹਾਲਾਂਕਿ ਖਾਣ ਤੋਂ ਬਾਅਦ ਇਹ ਇੱਕ ਆਮ ਪ੍ਰਕਿਰਿਆ ਹੈ, ਪਰ ਜੇ ਇਹ ਬਹੁਤ ਵਾਰ ਹੁੰਦਾ ਹੈ, ਤਾਂ ਅਸੀ ਇੰਸੁਲਿਨ ਪ੍ਰਤੀ ਰੋਧੀ ਹੋ ਸਕਦੇ ਹਾਂ ਅਤੇ ਟਾਈਪ 2 ਡਾਇਬਟੀਜ਼ ਦਾ ਖਤਰਾ ਵਧ ਜਾਂਦਾ ਹੈ। ਵੱਧ ਮਿੱਠੇ ਜਾਂ ਖੰਡ ਵਾਲੇ ਆਹਾਰ ਦਾ ਸਬੰਧ ਦੰਦਾਂ ਵਿੱਚ ਸੜਨ, ਸੋਜਸ਼, ਮੋਟਾਪੇ, ਐਲਜ਼ਾਈਮਰ ਅਤੇ ਕੈਂਸਰ ਨਾਲ ਵੀ ਹੈ। ਗੇਅਰਹਾਰਡਟ ਕਹਿੰਦੇ ਹਨ, "ਡਾਇਬਟੀਜ਼ ਵਰਗੀਆਂ ਆਹਾਰ ਨਾਲ ਜੁੜੀਆਂ ਬਿਮਾਰੀਆਂ ਹੁਣ ਸ਼ਰਾਬ ਅਤੇ ਅਫੀਮ ਨਾਲੋਂ ਵੀ ਵੱਧ ਲੋਕਾਂ ਦੀ ਜਾਨ ਲੈ ਰਹੀਆਂ ਹਨ, ਅਤੇ [ਗੈਰ-ਸਿਹਤਮੰਦ ਖਾਣਾ] ਦੁਨੀਆ ਦਾ ਸਭ ਤੋਂ ਜਾਨਲੇਵਾ ਪਦਾਰਥ ਬਣਨ ਦੀ ਦੌੜ ਵਿੱਚ ਤੰਬਾਕੂ ਨੂੰ ਵੀ ਟੱਕਰ ਦੇ ਰਿਹਾ ਹੈ।" ਉਦਾਹਰਣ ਲਈ, ਇਹ ਪਾਇਆ ਗਿਆ ਹੈ ਕਿ ਮਿੱਠਾ ਲੀਵਰ ਵਿੱਚ ਫੈਟ ਵਧਾਉਂਦੀ ਹੈ। ਇੱਕ ਰੈਂਡਮਾਈਜ਼ਡ ਕੰਟਰੋਲਡ ਟ੍ਰਾਇਲ ਵਿੱਚ, ਜਿਨ੍ਹਾਂ ਲੋਕਾਂ ਨੇ ਕਈ ਹਫ਼ਤਿਆਂ ਤੱਕ ਵੱਧ ਮਿੱਠੇ ਵਾਲੇ ਪੇਅ ਪਦਾਰਥ ਪੀਤੇ, ਉਨ੍ਹਾਂ ਦੇ ਲੀਵਰ ਵਿੱਚ ਫੈਟ ਦੀ ਮਾਤਰਾ ਲਗਭਗ ਦੁੱਗਣੀ ਪਾਈ ਗਈ, ਭਾਵੇਂ ਉਨ੍ਹਾਂ ਨੇ ਕੁੱਲ ਮਿਲਾਕੇ ਓਨੀ ਹੀ ਕੈਲੋਰੀ ਲਈ ਹੋਵੇ। ਰੋਬਰਟ ਲਸਟਿੰਗ, ਜੋ ਇਸ ਟ੍ਰਾਇਲ ਦੇ ਸਹਿ-ਲੇਖਕ ਅਤੇ ਮਿੱਠੇ ਦੇ ਨੁਕਸਾਨ ਦੱਸਣ ਬਾਰੇ ਇੱਕ ਮਸ਼ਹੂਰ ਮਾਹਿਰ ਹਨ, ਦੱਸਦੇ ਹਨ ਕਿ ਫ੍ਰਕਟੋਜ਼ - ਜਿਵੇਂ ਕਿ ਕਾਰਨ (ਮੱਕੀ) ਸਿਰਪ ਵਿੱਚ ਮਿਲਦਾ ਹੈ - ਮਾਈਟੋਕੌਂਡਰੀਆ ਲਈ ਜ਼ਹਿਰੀਲਾ ਹੁੰਦਾ ਹੈ। ਮਾਈਟੋਕੌਂਡਰੀਆ ਉਹ ਸੈੱਲੂਲਰ ਮਸ਼ੀਨਰੀ ਹੈ ਜੋ ਸਾਡੇ ਸਰੀਰ ਨੂੰ ਚਲਾਉਂਦੀ ਹੈ। ਉਹ ਕਹਿੰਦੇ ਹਨ, "ਇਹ ਅਸਲ ਵਿੱਚ ਮਾਈਟੋਕੌਂਡਰੀਆ ਨੂੰ ਨਸ਼ਟ ਕਰ ਦਿੰਦਾ ਹੈ ਅਤੇ ਊਰਜਾ ਦੇ ਖਰਚ ਨੂੰ ਘੱਟ ਕਰ ਦਿੰਦਾ ਹੈ, ਇਸ ਲਈ ਤੁਹਾਨੂੰ ਨਵੇਂ ਮਾਈਟੋਕੌਂਡਰੀਆ ਬਣਾਉਣੇ ਪੈਂਦੇ ਹਨ।" ਉਨ੍ਹਾਂ ਮੈਨੂੰ ਦੱਸਿਆ ਕਿ ਇਸ ਕਰਕੇ ਤੁਹਾਨੂੰ ਸਿਹਤ ਠੀਕ ਨਹੀ ਲੱਗ ਸਕਦੀ, ਥੱਕੇ ਹੋਏ, ਸੁਸਤ ਅਤੇ ਚਿੜਚਿੜਾ ਮਹਿਸੂਸ ਕਰ ਸਕਦੇ ਹੋ ਅਤੇ ਤੁਹਾਡੇ ਦਿਮਾਗ ਵਿੱਚ ਉਲਝਣ (ਬ੍ਰੇਨ ਫੌਗ) ਵਧ ਸਕਦਾ ਹੈ। ਮੈਂ ਨਿਸ਼ਚਿਤ ਤੌਰ 'ਤੇ ਮਹਿਸੂਸ ਕੀਤਾ ਕਿ ਜਿਵੇਂ-ਜਿਵੇਂ ਮੈਂ ਮਿੱਠੇ ਤੋਂ ਪਰਹੇਜ਼ ਜਾਰੀ ਰੱਖਿਆ, ਦਿਨ ਭਰ ਮੇਰੀ ਊਰਜਾ ਦਾ ਪੱਧਰ ਹੋਰ ਸਥਿਰ ਬਣਿਆ ਰਿਹਾ। ਨਵੀ ਰਿਸਰਚ ਤੋਂ ਇਹ ਵੀ ਸੁਝਾਅ ਮਿਲਦਾ ਹੈ ਕਿ ਵੱਧ ਮਿੱਠਾ ਖਾਣ ਵਾਲੀ ਡਾਇਟ ਦਾ ਸਬੰਧ ਵੱਧ ਮਾਨਸਿਕ ਪਰੇਸ਼ਾਨੀ ਨਾਲ ਹੁੰਦਾ ਹੈ, ਜਿਸ ਵਿੱਚ ਐਂਗਜ਼ਾਇਟੀ ਅਤੇ ਡਿਪ੍ਰੈਸ਼ਨ (ਘਬਰਾਹਟ ਅਤੇ ਤਣਾਅ) ਦੇ ਲੱਛਣ ਵੀ ਸ਼ਾਮਲ ਹਨ। ਹਾਲਾਂਕਿ ਇਹ ਸਭ ਸੁਣ ਕੇ ਚਿੰਤਾ ਹੋ ਸਕਦੀ ਹੈ, ਪਰ ਇੱਕ ਸਿਹਤਮੰਦ ਖੁਰਾਕ ਦੇ ਹਿੱਸੇ ਵਜੋਂ ਥੋੜ੍ਹੀ ਮਾਤਰਾ ਵਿੱਚ ਮਿੱਠਾ ਖਾਣਾ ਠੀਕ ਹੈ। ਪਰ ਇਹ ਵੀ ਸਪਸ਼ਟ ਹੈ ਕਿ ਉਹ ਲੱਖਾਂ ਲੋਕ ਜੋ ਬਹੁਤ ਜ਼ਿਆਦਾ ਮਿੱਠਾ ਖਾਂਦੇ ਹਨ, ਜੇ ਉਹ ਇਸਨੂੰ ਘੱਟ ਕਰ ਦੇਣ ਤਾਂ ਉਨ੍ਹਾਂ ਦੀ ਸਿਹਤ ਨੂੰ ਬਹੁਤ ਫਾਇਦਾ ਹੋਵੇਗਾ।



## ਲਤ ਲਗਾਉਣ ਵਾਲੇ ਗੁਣ

ਬਿਨ੍ਹਾਂ ਮਿੱਠੇ ਦੇ ਸ਼ੁਰੂਆਤੀ ਕੁਝ ਦਿਨਾਂ ਵਿੱਚ ਮੈਨੂੰ ਇਸਦੀ ਬਹੁਤ ਤਲਬ ਉੱਠਦੀ ਸੀ, ਖਾਸ ਕਰਕੇ ਜਦੋਂ ਸਮਾਜਿਕ ਮੌਕਿਆਂ 'ਤੇ ਮੈਨੂੰ ਸੁਆਦੀ ਚੀਜ਼ਾਂ ਖਾਣ ਨੂੰ ਮਿਲਦੀਆਂ ਸਨ। ਇਸਦਾ ਇੱਕ ਬਾਇਲੋਜਿਕਲ ਕਾਰਨ ਵੀ ਹੈ। ਅਮਰੀਕਾ ਦੀ ਬਿੰਗਹੈਮਟਨ ਯੂਨੀਵਰਸਿਟੀ ਵਿੱਚ ਹੈਲਥ ਅਤੇ ਵੈੱਲਨੈੱਸ ਦੇ ਐਸੋਸੀਏਟ ਪ੍ਰੋਫੈਸਰ ਅਤੇ ਰਜਿਸਟਰਡ ਡਾਇਟੀਸ਼ੀਅਨ ਲੀਨਾ ਬੇਗਡਾਚੇ ਦੱਸਦੇ ਹਨ ਕਿ ਜਦੋਂ ਅਸੀ ਮਿੱਠਾ ਖਾਂਦੇ ਹਾਂ, ਤਾਂ ਇਹ ਸਾਡੇ ਦਿਮਾਗ ਦੀ ਕੈਮਿਸਟ੍ਰੀ ਨੂੰ ਉਸੇ ਤਰ੍ਹਾਂ ਬਦਲ ਸਕਦਾ ਹੈ, ਜਿਵੇਂ ਉਨ੍ਹਾਂ ਲੋਕਾਂ ਵਿੱਚ ਦੇਖਿਆ ਜਾਂਦਾ ਹੈ ਜਿਨ੍ਹਾਂ ਨੂੰ ਓਪੀਓਇਡਜ਼ ਦੀ ਲਤ ਹੁੰਦੀ ਹੈ। ਮਿੱਠਾ ਖਾਣ ਨਾਲ ਦਿਮਾਗ ਦਾ 'ਰਿਵਾਰਡ ਸਿਸਟਮ' ਵੀ ਐਕਟਿਵ ਹੋ ਜਾਂਦਾ ਹੈ। ਖੋਜ ਦੱਸਦੀ ਹੈ ਕਿ ਜਿਨ੍ਹਾਂ ਲੋਕਾਂ ਨੂੰ ਮਿੱਠੇ ਦੀ ਬਹੁਤ ਤਲਬ ਉੱਠਦੀ ਹੈ, ਮਿੱਠਾ ਖਾਣ 'ਤੇ ਉਨ੍ਹਾਂ ਵਿੱਚ 'ਚੰਗਾ ਮਹਿਸੂਸ ਕਰਾਉਣ ਵਾਲੇ' ਹਾਰਮੋਨ - ਡੋਪਾਮਾਈਨ - ਦਾ ਪੱਧਰ ਵੀ ਜ਼ਿਆਦਾ ਵਧ ਜਾਂਦਾ ਹੈ। ਇਸਦਾ ਮਤਲਬ ਹੈ ਕਿ ਮਿੱਠਾ ਖਾਣ ਨਾਲ ਸਾਨੂੰ ਖੁਸ਼ੀ ਅਤੇ ਰਿਵਾਰਡ ਵਰਗਾ ਮਹਿਸੂਸ ਹੁੰਦਾ ਹੈ। ਇਸ ਲਈ, ਕਈ ਮਾਹਿਰ ਮੰਨਦੇ ਹਨ ਕਿ ਮਿੱਠੇ ਵਿੱਚ ਲਤ ਲਗਾਉਣ ਵਾਲੇ ਗੁਣ ਹੁੰਦੇ ਹਨ, ਹਾਲਾਂਕਿ ਇਸ 'ਤੇ ਅਜੇ ਵੀ ਬਹਿਸ ਜਾਰੀ ਹੈ। ਗੇਅਰਹਾਰਡਟ ਅੱਗੇ ਕਹਿੰਦੇ ਹਨ ਕਿ ਫਲਾਂ ਵਰਗੀਆਂ ਹੋਰ ਕੁਦਰਤੀ ਮਿੱਠੀਆਂ ਚੀਜ਼ਾਂ ਸਾਡੇ ਡੋਪਾਮਾਈਨ ਸਿਸਟਮ ਲਈ ਘੱਟ ਦਿਲਚਸਪ ਹੋ ਸਕਦੀਆਂ ਹਨ। ਅਸਲ ਵਿੱਚ ਮਿੱਠੇ ਦੀ ਤਲਬ ਜਿੰਨੀ ਵੱਧ ਹੁੰਦੀ ਹੈ, ਸਾਨੂੰ ਰਿਵਾਰਡ ਜਾਂ ਖੁਸ਼ੀ ਦਾ ਅਹਿਸਾਸ ਵੀ ਓਨਾ ਹੀ ਵੱਧ ਹੁੰਦਾ ਹੈ, ਜਿਸ ਨਾਲ ਇਹ ਸਿਲਸਿਲਾ ਹੋਰ ਮਜ਼ਬੂਤ ਹੁੰਦਾ ਜਾਂਦਾ ਹੈ ਅਤੇ ਸਾਡੇ ਦਿਮਾਗ ਦੀ ਵਾਇਰਿੰਗ ਇਸ ਤਰ੍ਹਾਂ ਬਦਲ ਸਕਦੀ ਹੈ ਕਿ ਸਾਨੂੰ ਇਸਦੀ ਹੋਰ ਵੱਧ ਤਲਬ ਹੋਣ ਲੱਗਦੀ ਹੈ। ਉਦਾਹਰਣ ਵਜੋਂ, ਜਿਨ੍ਹਾਂ ਲੋਕਾਂ ਨੇ ਅੱਠ ਹਫ਼ਤਿਆਂ ਤੱਕ ਰੋਜ਼ਾਨਾ ਵੱਧ ਮਿੱਠੇ ਅਤੇ ਵੱਧ ਫੈਟ ਵਾਲੀ ਪੁਡਿੰਗ ਖਾਧੀ, ਉਨ੍ਹਾਂ ਦੇ ਦਿਮਾਗ ਮਿੱਠੇ ਖਾਣੇ ਲਈ ਕਾਫ਼ੀ ਵੱਧ ਸੰਵੇਦਨਸ਼ੀਲ ਹੋ ਗਏ। ਡੋਪਾਮਾਈਨ ਦਾ 'ਫੀਡਬੈਕ ਲੂਪ' ਇਹ ਸਮਝਣ ਵਿੱਚ ਮਦਦ ਕਰਦਾ ਹੈ ਕਿ ਮਿੱਠਾ ਘੱਟ ਕਰਨਾ ਇੰਨਾ ਮੁਸ਼ਕਲ ਕਿਉਂ ਲੱਗਦਾ ਹੈ। ਰੋਬਰਟ ਲਸਟਿੰਗ ਕਹਿੰਦੇ ਹਨ, "ਤੁਸੀ ਆਪਣੀ ਬਾਇਲੋਜਿਕਲ ਕੈਮਿਸਟ੍ਰੀ ਦੇ ਗੁਲਾਮ ਬਣ ਜਾਂਦੇ ਹੋ। ਇਹੀ ਤਾਂ ਲਤ ਦੀ ਪਰਿਭਾਸ਼ਾ ਹੈ। ਅਤੇ [ਅਮਰੀਕਾ ਦੀ] 20% ਆਬਾਦੀ ਨੂੰ ਮਿੱਠੇ ਦੀ ਲਤ ਹੈ।" ਇਸ ਲਾਲਚ ਤੋਂ ਬਚਣ ਲਈ, ਮੈਂ ਕੁਝ ਸੰਤੁਸ਼ਟੀ ਦੇਣ ਵਾਲੇ ਬਦਲ ਲੱਭ ਲਏ, ਜਿਵੇਂ ਕਿ ਇੱਕ ਕੇਲੇ ਅਤੇ ਬਲੂਬੇਰੀ ਦਾ ਸ਼ੇਕ, ਜਿਸ ਵਿੱਚ ਇੱਕ ਚਮਚ ਕੋਕੋ ਪਾਊਡਰ ਮਿਲਿਆ ਹੋਵੇ। ਅੰਗੂਰ ਖਾਣ ਨਾਲ ਵੀ ਮੈਨੂੰ ਉਹੀ ਅਸਰ ਮਹਿਸੂਸ ਹੋਇਆ। ਇੱਥੋਂ ਤੱਕ ਕਿ ਸੇਬ ਵੀ ਮੈਨੂੰ ਵੱਧ ਮਿੱਠੇ ਲੱਗਣ ਲੱਗੇ ਸਨ। ਇਸ ਲਈ, ਭਾਵੇਂ ਮੇਰਾ ਮਨ ਨਹੀ ਕਰਦਾ ਸੀ, ਫਿਰ ਵੀ ਮੈਂ ਰੋਜ਼ਾਨਾ ਇੱਕ ਸੇਬ ਖਾ ਲੈਂਦੀ ਸੀ, ਜਿਸ ਨਾਲ ਮਿੱਠੇ ਦੀ ਤਲਬ ਨੂੰ ਕਾਬੂ ਰੱਖਣ ਵਿੱਚ ਮਦਦ ਮਿਲੀ। ਸਬੂਤ ਇਹ ਵੀ ਦਿਖਾਉਂਦੇ ਹਨ ਕਿ ਜਦੋਂ ਬਲੱਡ ਸ਼ੂਗਰ ਦਾ ਪੱਧਰ ਤੇਜ਼ੀ ਨਾਲ ਘੱਟ ਹੁੰਦਾ ਹੈ, ਤਾਂ ਲੋਕਾਂ ਨੂੰ ਵੱਧ ਭੁੱਖ ਲੱਗਦੀ ਹੈ ਅਤੇ ਇਹ ਅਕਸਰ ਵੱਧ ਮਿੱਠੇ ਵਾਲਾ ਖਾਣਾ ਖਾਣ ਤੋਂ ਬਾਅਦ ਹੁੰਦਾ ਹੈ। ਇੱਕ ਅਧਿਐਨ ਵਿੱਚ ਪਾਇਆ ਗਿਆ ਕਿ ਜਿਨ੍ਹਾਂ ਲੋਕਾਂ ਨੇ ਵੱਧ ਮਿੱਠਾ ਅਤੇ ਰਿਫਾਈਡ ਸਟਾਰਚ ਵਾਲਾ ਮਿਲਕਸ਼ੇਕ (ਹਾਈ ਗਲਾਈਸੈਮਿਕ ਇੰਡੈਕਸ ਵਾਲਾ ਸ਼ੇਕ) ਪੀਤਾ, ਉਨ੍ਹਾਂ ਨੂੰ ਚਾਰ ਘੰਟਿਆਂ ਬਾਅਦ ਵੱਧ ਭੁੱਖ ਲੱਗੀ ਅਤੇ ਉਨ੍ਹਾਂ ਦੇ ਦਿਮਾਗ ਦੇ 'ਰਿਵਾਰਡ ਸੈਂਟਰ' ਵਿੱਚ ਵੱਧ ਸਰਗਰਮੀ ਹੋਈ, ਬਜਾਏ ਉਨ੍ਹਾਂ ਲੋਕਾਂ ਦੇ ਜਿਨ੍ਹਾਂ ਨੇ ਘੱਟ ਗਲਾਈਸੈਮਿਕ ਇੰਡੈਕਸ ਵਾਲਾ ਸ਼ੇਕ ਪੀਤਾ ਸੀ।

## ਜਦੋਂ ਅਸੀਂ ਮਿੱਠਾ ਛੱਡ ਦਿੰਦੇ ਹਾਂ, ਤਾਂ ਕੀ ਹੁੰਦਾ ਹੈ?

ਕੈਲੀਫੋਰਨੀਆ ਦੇ ਸਟੈਨਫੋਰਡ ਸਕੂਲ ਆਫ਼ ਮੈਡੀਸਿਨ ਦੇ ਡਾਇਟੀਸ਼ੀਅਨ ਡੇਲੀਨਾ ਪੇਰੇਲਮੈਨ ਨੇ ਮੈਨੂੰ ਦੱਸਿਆ ਕਿ ਮਿੱਠਾ ਛੱਡਣ ਦੇ ਕੁਝ ਹੀ ਦਿਨਾਂ ਵਿੱਚ, ਸਰੀਰ ਨੂੰ ਇਸਦੀ ਘੱਟ ਲੋੜ ਮਹਿਸੂਸ ਹੋਣ ਲੱਗਦੀ ਹੈ। ਮੇਰੀਆਂ ਸੁਆਦ ਗ੍ਰੰਥੀਆਂ ਹੁਣ ਇਸਦੇ ਅਨੁਸਾਰ ਢਲਣ ਲੱਗੀਆਂ ਸਨ ਅਤੇ ਮਿੱਠੇ ਸੁਆਦ ਲਈ ਹੋਰ ਸੰਵੇਦਨਸ਼ੀਲ ਹੋ ਗਈਆਂ ਸਨ। ਗੇਅਰਹਾਰਡਟ ਕਹਿੰਦੇ ਹਨ ਕਿ ਫੈਕਟਰੀ ਵਿੱਚ ਬਣੀਆਂ ਮਿੱਠੀਆਂ ਚੀਜ਼ਾਂ ਛੱਡਣ ਨਾਲ ਸਾਡੀ ਸੁਆਦ ਪ੍ਰਣਾਲੀ "ਕੁਦਰਤੀ ਮਿਠਾਸ ਦੀ ਤੀਬਰਤਾ ਦੇ ਅਨੁਸਾਰ ਆਪਣੇ ਆਪ ਨੂੰ ਮੁੜ ਸੰਤੁਲਿਤ" ਕਰ ਸਕਦੀ ਹੈ। ਮੇਰੇ ਇਸ ਪ੍ਰਯੋਗ ਦੇ ਲਗਭਗ ਤਿੰਨ ਹਫ਼ਤੇ ਬਾਅਦ ਕੁਝ ਦਿਲਚਸਪ ਹੋਣਾ ਸ਼ੁਰੂ ਹੋ ਗਿਆ। ਹੁਣ ਮੈਨੂੰ ਮਿੱਠੀਆਂ ਚੀਜ਼ਾਂ ਦੀ ਪਹਿਲਾਂ ਵਾਂਗ ਨਿਯਮਿਤ ਤਲਬ ਨਹੀ ਹੁੰਦੀ ਸੀ। ਜੇ ਦੁਪਹਿਰ ਵੇਲੇ ਮੈਨੂੰ ਥੋੜ੍ਹੀ ਭੁੱਖ ਲੱਗਦੀ ਵੀ ਸੀ, ਤਾਂ ਮੈਂ ਜੈਤੂਨ, ਸੁੱਕੇ ਮੇਵੇ ਅਤੇ ਫਲ ਵਰਗੀਆਂ ਹੋਰ ਸਿਹਤਮੰਦ ਚੀਜ਼ਾਂ ਖਾ ਕੇ ਆਪਣੀ ਭੁੱਖ ਮਿਟਾਉਂਦੀ ਸੀ। ਬੇਗਡਾਚੇ ਕਹਿੰਦੇ ਹਨ ਕਿ ਮੇਰੀ ਤਲਬ ਘੱਟ ਹੋਣ ਦਾ ਇੱਕ ਕਾਰਨ ਇਹ ਵੀ ਸੀ ਕਿ ਮੈਂ ਮਿੱਠੀਆਂ ਚੀਜ਼ਾਂ ਖਾਣਾ ਘੱਟ ਕਰ ਦਿੱਤਾ ਸੀ, ਜਿਸ ਨਾਲ ਮੇਰੇ ਸੁਆਦ ਵਿੱਚ ਬਦਲਾਅ ਆਇਆ ਅਤੇ ਮੇਰਾ ਮੈਟਾਬੋਲਿਜ਼ਮ ਵੀ ਮੁੜ ਸੰਤੁਲਿਤ ਹੋ ਗਿਆ। ਪੇਰੇਲਮੈਨ ਅੱਗੇ ਕਹਿੰਦੇ ਹਨ, "ਤੁਸੀ ਵੇਖੋਗੇ ਕਿ ਮਿੱਠੇ ਦਾ ਸੁਆਦ ਪਛਾਣਣ ਦੀ ਤੁਹਾਡੀ ਸਮਰੱਥਾ ਇੰਨੀ ਵਧ ਜਾਵੇਗੀ ਕਿ ਤੁਹਾਨੂੰ ਹੁਣ ਓਨੇ ਵੱਧ ਮਿੱਠੇ ਲਈ ਲੋੜ ਨਹੀ ਪਵੇਗੀ।" ਹੁਣ ਉਹ ਸਿਰਫ਼ ਘੱਟ ਮਿੱਠੇ ਵਾਲੇ ਘਰੇ ਬਣੇ ਕੇਕ ਹੀ ਖਾਂਦੇ ਹਨ, ਕਿਉਂਕਿ ਉਨ੍ਹਾਂ ਨੂੰ ਦੁਕਾਨ ਤੋਂ ਖਰੀਦਿਆ ਹੋਇਆ ਕੋਈ ਵੀ ਕੇਕ ਇੰਝ ਲੱਗਦਾ ਹੈ ਜਿਵੇਂ "ਖੰਡ ਦਾ ਟੁਕੜਾ" ਖਾ ਲਿਆ ਹੋਵੇ। ਬੇਗਡਾਚੇ ਦੱਸਦੇ ਹਨ ਕਿ ਮੇਰੇ ਸਰੀਰ ਵਿੱਚ ਟ੍ਰਾਈਗਲਿਸਰਾਈਡ ਦਾ ਪੱਧਰ ਵੀ ਘੱਟ ਹੋ ਗਿਆ ਹੋਵੇਗਾ। ਟ੍ਰਾਈਗਲਿਸਰਾਈਡ ਸਰੀਰ ਵਿੱਚ ਪਾਇਆ ਜਾਣ ਵਾਲਾ ਇੱਕ ਆਮ ਕਿਸਮ ਦਾ ਫੈਟ ਹੈ ਅਤੇ ਵੱਧ ਕੈਲੋਰੀ ਲੈਣ 'ਤੇ ਵੱਧ ਜਾਂਦਾ ਹੈ। ਮੇਰੀ ਇੰਸੁਲਿਨ ਪ੍ਰਤੀ ਸੰਵੇਦਨਸ਼ੀਲਤਾ ਵਿੱਚ ਵੀ ਸੁਧਾਰ ਹੋਇਆ ਹੋਵੇਗਾ ਕਿਉਂਕਿ ਮਿੱਠੀਆਂ ਚੀਜ਼ਾਂ ਖਾਣ 'ਤੇ ਹੋਣ ਵਾਲੇ ਇੰਸੁਲਿਨ ਦੇ ਉਤਰਾਅ-ਚੜ੍ਹਾਅ ਹੁਣ ਘੱਟ ਮਹਿਸੂਸ ਹੋ ਰਹੇ ਸਨ। ਉਹ ਕਹਿੰਦੇ ਹਨ, "ਇਹ ਬਿਲਕੁਲ ਕਿਸੇ ਚੀਜ਼ ਨੂੰ ਉਸਦੀ ਸ਼ੁਰੂਆਤੀ ਸਥਿਤੀ (de-fault) 'ਤੇ ਵਾਪਸ ਲਿਆਉਣ ਵਾਂਗ ਹੈ।" ਇਸਦੇ ਬਾਵਜੂਦ, ਪਰਿਵਾਰਕ ਸਮਾਰੋਹਾਂ ਵਿੱਚ ਅਤੇ ਇੱਥੋਂ ਤੱਕ ਕਿ ਮੇਰੇ ਆਪਣੇ ਜਨਮਦਿਨ ਦੀ ਪਾਰਟੀ ਵਿੱਚ ਵੀ ਕੇਕ ਦਾ ਇੱਕ ਛੋਟਾ ਜਿਹਾ ਟੁੱਕੜਾ ਵੀ ਨਾ ਖਾਣਾ ਮੇਰੇ ਲਈ ਕਾਫ਼ੀ ਮੁਸ਼ਕਲ ਤਜਰਬਾ ਸੀ। ਮੇਰੇ ਆਲੇ-ਦੁਆਲੇ ਇੰਨੀਆਂ ਮਿੱਠੀਆਂ ਚੀਜ਼ਾਂ ਮੌਜੂਦ ਹੁੰਦੀਆਂ ਸਨ ਕਿ ਮਿੱਠਾ ਖਾਣ ਦੀ ਭਲ਼ ਕਦੇ ਵੀ ਮੇਰੇ ਤੋਂ ਦੂਰ ਨਹੀ ਹੁੰਦੀ ਸੀ। ਫਿਰ ਵੀ, ਜਿਵੇਂ-ਜਿਵੇਂ ਮੈਂ ਮਿੱਠੇ ਦਾ ਸੇਵਨ ਘੱਟ ਕੀਤਾ, ਮੈਨੂੰ ਮਿਲਣ ਵਾਲੀ ਉਸ 'ਸੰਤੁਸ਼ਟੀ' ਜਾਂ 'ਰਿਵਾਰਡ' ਦਾ ਅਹਿਸਾਸ ਸ਼ਾਇਦ ਘੱਟ ਹੋ ਗਿਆ, ਜੋ ਅਕਸਰ ਡੋਪਾਮਾਈਨ ਹਾਰਮੋਨ ਦੇ ਰਿਲੀਜ਼ ਹੋਣ ਨਾਲ ਜੁੜਿਆ ਹੁੰਦਾ ਹੈ। ਘੱਟ ਮਿੱਠਾ ਖਾਣ-ਪੀਣ ਦੇ ਸਿਹਤ ਨਾਲ ਜੁੜੇ ਹੋਰ ਵੀ ਕਈ ਫਾਇਦੇ ਹਨ। ਇੱਕ ਛੋਟੇ ਪ੍ਰਯੋਗ ਵਿੱਚ, ਇੱਕ ਟੀਮ ਨੇ 41 ਬੱਚਿਆਂ ਦੇ ਸਮੂਹ ਨੂੰ ਸਿਰਫ਼ 10 ਦਿਨਾਂ ਲਈ ਖਾਣ ਵਿੱਚ ਉੱਪਰੋਂ ਪਾਈ ਗਈ ਚੀਨੀ (ਐਡਿਡ ਸ਼ੂਗਰ) ਨੂੰ ਪੂਰੀ ਤਰ੍ਹਾਂ ਛੱਡਣ ਲਈ ਕਿਹਾ। ਪ੍ਰਯੋਗ ਦੇ ਅੰਤ ਤੱਕ ਉਨ੍ਹਾਂ ਦਾ ਬਲੱਡ ਪ੍ਰੈਸ਼ਰ ਅਤੇ ਸਰੀਰ ਦੀ ਚਰਬੀ ਘੱਟ ਹੋ ਗਈ ਅਤੇ ਉਨ੍ਹਾਂ ਵਿੱਚ ਇਨਸੁਲਿਨ ਪ੍ਰਤੀਰੋਧ ਵੀ ਘੱਟ ਹੋ ਗਿਆ। ਨਾਲ ਹੀ ਉਨ੍ਹਾਂ ਦੇ ਵਿਵਹਾਰ ਵਿੱਚ ਵੀ ਸੁਧਾਰ ਆਇਆ। ਇੱਕ ਹੋਰ ਖੋਜ, ਜਿਸ ਵਿੱਚ ਅਲਟਰਾ-ਪ੍ਰੋਸੈਸਡ ਖਾਣੇ 'ਤੇ ਧਿਆਨ ਦਿੱਤਾ ਗਿਆ - ਜਿਸ ਵਿੱਚ ਆਮ ਤੌਰ 'ਤੇ ਮਿੱਠਾ ਵੱਧ ਹੁੰਦਾ ਹੈ - ਤੋਂ ਪਤਾ ਲੱਗਿਆ ਕਿ ਜਦੋਂ ਲੋਕ ਘੱਟ ਪ੍ਰੋਸੈਸਡ ਖਾਣਾ ਖਾਂਦੇ ਹਨ, ਤਾਂ ਉਨ੍ਹਾਂ ਨੂੰ ਖਾਣ ਦੀ ਭਲ਼ ਘੱਟ ਲੱਗਦੀ ਹੈ ਅਤੇ ਉਨ੍ਹਾਂ ਵਿੱਚ ਵੱਧ ਊਰਜਾ ਰਹਿੰਦੀ ਹੈ। ਮਿੱਠਾ ਮੇਰੇ ਸਰੀਰ 'ਤੇ ਕੀ ਅਸਰ ਪਾਉਂਦਾ ਹੈ, ਇਸਦੀ ਸਪਸ਼ਟ ਤਸਵੀਰ ਮਿਲਣ ਨਾਲ ਮੇਰੇ ਲਈ ਮੇਰੀਆਂ ਆਦਤਾਂ ਬਦਲਣਾ ਆਸਾਨ ਹੋ ਗਿਆ। ਹੁਣ ਮੈਨੂੰ ਮਿੱਠੀਆਂ ਚੀਜ਼ਾਂ ਓਨੀਆਂ ਆਕਰਸ਼ਕ ਨਹੀ ਲੱਗਦੀਆਂ ਸਨ। ਮੈਂ ਘਰ ਵਿੱਚ ਵੀ ਮਿੱਠੀਆਂ ਚੀਜ਼ਾਂ ਤੋਂ ਦੂਰ ਰਹਿਣ ਵਿੱਚ ਕਾਮਯਾਬ ਰਹੀ ਅਤੇ ਇਹ ਯਕੀਨੀ ਬਣਾਇਆ ਕਿ ਮੇਰੇ ਕੋਲ ਖਾਣ ਲਈ ਕਾਫ਼ੀ ਸਿਹਤਮਤ ਖਾਣੇ ਮੌਜੂਦ ਹੋਣ। ਮੈਂ ਜੂਸ ਦੀ ਥਾਂ ਫਿਜ਼ੀ ਪਾਣੀ ਪੀਣਾ ਸ਼ੁਰੂ ਕਰ ਦਿੱਤਾ, ਜਿਸ ਵਿੱਚ ਮੈਂ ਨਿੰਬੂ ਦੇ ਰਸ ਦੀਆਂ ਕੁਝ ਬੂੰਦਾਂ ਮਿਲਾ ਲੈਂਦੀ ਸੀ। ਮੈਨੂੰ ਲੱਗਿਆ ਕਿ ਇਸ ਨਾਲ ਮੇਰੀ ਪਿਆਸ ਚੰਗੀ ਤਰ੍ਹਾਂ ਬੁਝ ਜਾਂਦੀ ਹੈ।

## ਮਿੱਠੇ ਨੂੰ ਮੁੜ ਸ਼ਾਮਲ ਕਰਨਾ

ਛੇ ਹਫ਼ਤਿਆਂ ਦੇ ਅਖੀਰ ਵਿੱਚ, ਮੈਂ ਸੱਚਮੁੱਚ ਕਹਿ ਕਸਦੀ ਹਾਂ ਕਿ ਮੈਨੂੰ ਆਪਣੀ ਡਾਈਟ ਵਿੱਚ ਮਿੱਠੇ ਨੂੰ ਮੁੜ ਸ਼ਾਮਲ ਕਰਨ ਦੀ ਕੋਈ ਖਾਸ ਤਲਬ ਨਹੀ ਹੋਈ। ਲੀਨਾ ਬੇਗਡਾਚੇ ਨੇ ਮੈਨੂੰ ਦੱਸਿਆ ਕਿ ਸ਼ਾਇਦ ਮੇਰੇ ਦਿਮਾਗ ਵਿੱਚ ਚੱਲ ਰਿਹਾ "ਲਤ ਦਾ ਚੱਕਰ" (ਐਡਿਕਟਿਵ ਲੂਪ) ਹੁਣ ਸ਼ਾਂਤ ਹੋ ਗਿਆ ਸੀ। ਹੁਣ ਮੈਨੂੰ ਰੋਜ਼ਾਨਾ ਮਿੱਠੇ ਸਨੈਕਸ ਅਤੇ ਅਜਿਹੇ ਖਾਣੇ ਦੀ ਤਲਬ ਨਹੀ ਹੁੰਦੀ ਜਿਸ ਵਿੱਚ ਐਡਿਡ ਸ਼ੂਗਰ ਹੁੰਦੀ ਹੈ। ਇੱਥੋਂ ਤੱਕ ਕਿ ਘੱਟ ਮਿੱਠੇ ਵਾਲੇ ਬ੍ਰੇਕਫਾਸਟ ਸੀਰੀਅਲ ਵੀ ਹੁਣ ਮੈਨੂੰ ਬਹੁਤ ਜ਼ਿਆਦਾ ਮਿੱਠੇ ਲੱਗਦੇ ਹਨ। ਡੇਲੀਆ ਪੇਰੇਲਮੈਨ ਕਹਿੰਦੇ ਹਨ ਕਿ ਇਸ ਬਦਲਾਅ ਨਾਲ ਰੋਜ਼ਾਨਾ ਮਿੱਠੀਆਂ ਚੀਜ਼ਾਂ ਖਾਣ ਦੀ ਪੁਰਾਣੀ ਆਦਤ ਵੱਲ ਵਾਪਸ ਨਾ ਜਾਣ ਵਿੱਚ ਮਦਦ ਮਿਲੇਗੀ ਅਤੇ ਇਹ ਸੌਖਾ ਵੀ ਲੱਗੇਗਾ।

ਤਾਂ ਹੁਣ ਜਦੋਂ ਮੇਰਾ ਛੇ ਹਫ਼ਤਿਆਂ ਦਾ ਪ੍ਰਯੋਗ ਖਤਮ ਹੋ ਚੁੱਕਾ ਹੈ, ਕੀ ਮੈਂ ਫਿਰ ਮਿੱਠੀਆਂ ਚੀਜ਼ਾਂ ਖਾਣਾ ਸ਼ੁਰੂ ਕਰ ਦੇਵਾਂਗੀ? ਸਪਸ਼ਟ ਸ਼ਬਦਾਂ ਵਿੱਚ ਕਹਾਂ ਤਾਂ, ਨਹੀ। ਪਰ ਮੈਂ ਕੁਝ ਬਦਲਾਅ ਕਰਨ ਦਾ ਫ਼ੈਸਲਾ ਕੀਤਾ ਹੈ। ਮਿੱਠੇ ਨੂੰ ਪੂਰੀ ਤਰ੍ਹਾਂ ਛੱਡਣ ਦੀ ਬਜਾਏ, ਮੈਂ ਹਫ਼ਤੇ ਦੇ ਕੰਮਕਾਜ ਵਾਲੇ ਦਿਨਾਂ ਵਿੱਚ ਮਿੱਠੇ ਤੋਂ ਪਰਹੇਜ਼ ਕਰਾਂਗੀ ਅਤੇ ਹਫ਼ਤੇ ਦੇ ਅਖੀਰ ਵਿੱਚ ਆਪਣੇ ਆਪ ਨੂੰ ਮਿੱਠੀਆਂ ਚੀਜ਼ਾਂ ਖਾਣ ਦੀ ਛੋਟ ਦਿਆਂਗੀ। ਸਭ ਤੋਂ ਪਹਿਲਾਂ ਮੈਂ ਇਹ ਬਦਲ ਰਹੀ ਹਾਂ ਕਿ ਮੈਂ ਮਿੱਠਾ ਖਾਣ ਬਾਰੇ ਕਿਵੇਂ ਸੋਚਦੀ ਹਾਂ। ਜਦੋਂ ਮੈਂ ਆਖ਼ਿਰਕਾਰ ਇੱਕ 'ਟ੍ਰਿਪਲ ਚਾਕਲੇਟ ਚਿਪ ਕੁਕੀ' (ਜਿਸ ਵਿੱਚ ਇੱਕ ਕੁਕੀ ਵਿੱਚ 28 ਗ੍ਰਾਮ ਖੰਡ ਹੁੰਦੀ ਹੈ) ਦੇ ਰੂਪ ਵਿੱਚ ਥੋੜ੍ਹੀ ਚੀਨੀ ਮੁੜ ਖਾਣੀ ਸ਼ੁਰੂ ਕੀਤੀ, ਤਾਂ ਮੈਨੂੰ ਇਸਨੂੰ ਖਾਣ ਦਾ ਬਿਲਕੁਲ ਵੀ ਮਨ ਨਹੀਂ ਹੋਇਆ। ਮੈਂ ਆਪਣੇ ਆਪ ਨੂੰ ਜ਼ਬਰਦਸਤੀ ਉਹ ਕੁਕੀ ਖਾਣ ਲਈ ਮਜਬੂਰ ਕੀਤਾ ਕਿਉਂਕਿ ਮੈਂ ਦੇਖਣਾ ਚਾਹੁੰਦੀ ਸੀਂ ਕਿ ਮੇਰਾ ਸਰੀਰ ਇਸ 'ਤੇ ਕਿਵੇਂ ਪ੍ਰਤੀਕਿਰਿਆ ਕਰਦਾ ਹੈ, ਤਾਂ ਜੋ ਇਸ ਬਾਰੇ ਇਸ ਲੇਖ ਵਿੱਚ ਜਾਣਕਾਰੀ ਸਾਂਝਾ ਕਰ ਸਕਾਂ। ਉਹ ਕੁਕੀ ਮੈਨੂੰ ਬਹੁਤ ਜ਼ਿਆਦਾ ਮਿੱਠੀ ਲੱਗੀ ਅਤੇ ਉਸ ਵਿੱਚ ਚਾਕਲੇਟ ਦੇ ਸੁਆਦ ਦੀ ਥਾਂ ਖੰਡ ਦਾ ਸੁਆਦ ਹੀ ਵੱਧ ਆ ਰਿਹਾ ਸੀ। ਇਸਨੂੰ ਖਾਣ ਤੋਂ ਥੋੜ੍ਹੀ ਦੇਰ ਬਾਅਦ ਮੈਨੂੰ ਆਪਣੀ ਊਰਜਾ ਵਿੱਚ ਭਾਰੀ ਗਿਰਾਵਟ ਮਹਿਸੂਸ ਹੋਈ ਅਤੇ ਦੁਪਹਿਰ ਦੇ ਸਮੇਂ ਮੈਨੂੰ ਨੀਂਦ ਆ ਗਈ - ਅਤੇ ਮੈਂ ਸਿਰਫ਼ ਇਸ ਕਰਕੇ ਸੌਂ ਸਕੀ ਕਿਉਂਕਿ ਉਨ੍ਹਾਂ ਦਿਨਾਂ ਵਿੱਚ ਮੈਂ ਛੁੱਟੀ 'ਤੇ ਸੀ। ਉਹ ਮਿੱਠੀ ਚੀਜ਼, ਜਿਸਨੂੰ ਮੈਂ ਪਹਿਲਾਂ ਨਿਯਮਿਤ ਤੌਰ 'ਤੇ ਖਾਂਦੀ ਸੀ, ਹੁਣ ਮੈਨੂੰ ਕੋਈ ਖਾਸ 'ਟ੍ਰੀਟ' (ਰਿਵਾਰਡ) ਨਹੀਂ ਲੱਗ ਰਹੀ ਸੀ। ਕੁਝ ਹੀ ਟੁਕੜੇ ਖਾਣ ਤੋਂ ਬਾਅਦ ਮੈਂ ਇਸਨੂੰ ਛੱਡ ਦਿੱਤਾ।



# ਦਵਾਈ ਨੂੰ ਗਰਮ ਪਾਣੀ ਨਾਲ ਲੈਣਾ ਠੀਕ ਹੈ ਜਾਂ ਠੰਡੇ ਪਾਣੀ ਨਾਲ ?

## ਕਿਤੇ ਤੁਸੀਂ ਵੀ ਗ਼ਲਤ ਤਰੀਕੇ ਨਾਲ ਦਵਾਈ ਤਾਂ ਨਹੀਂ ਲੈ ਰਹੇ!

ਸਾਰਦਾ ਮਿਆਪੁਰਮ

**ਜਦੋਂ** ਵੀ ਅਸੀ ਦਵਾਈ ਲੈਣੀ ਹੁੰਦੀ ਹੈ, ਤਾਂ ਅਸੀ ਗੋਲੀਆਂ ਮੂੰਹ ਵਿੱਚ ਪਾ ਕੇ ਥੋੜ੍ਹਾ ਪਾਣੀ ਪੀ ਲੈਂਦੇ ਹਾਂ। ਇਹ ਕਰਨ ਨਾਲ ਸਾਨੂੰ ਲੱਗਦਾ ਹੈ ਜਿਵੇਂ ਅਸੀ ਕੋਈ ਵੱਡਾ ਕੰਮ ਪੂਰਾ ਕਰ ਲਿਆ ਹੋਵੇ ਅਤੇ ਆਖ਼ਿਰਕਾਰ ਸਾਨੂੰ ਛੁਟਕਾਰਾ ਮਿਲ ਗਿਆ ਹੋਵੇ। ਕੁਝ ਲੋਕ ਗੋਲੀਆਂ ਨੂੰ ਠੰਡੇ ਪਾਣੀ ਨਾਲ ਲੈਂਦੇ ਹਨ, ਜਦਕਿ ਕੁਝ ਗਰਮ ਪਾਣੀ ਨਾਲ। ਜਿਨ੍ਹਾਂ ਲੋਕਾਂ ਨੂੰ ਗੋਲੀਆਂ ਖਾਣਾ ਚੰਗਾ ਨਹੀਂ ਲੱਗਦਾ, ਉਹ ਅਕਸਰ ਦਵਾਈ ਦਾ ਸਵਾਦ ਮਹਿਸੂਸ ਕਰਨ ਤੋਂ ਬਚਣ ਲਈ ਉਨ੍ਹਾਂ ਨੂੰ ਚਾਹ, ਕੌਫੀ, ਦੁੱਧ ਜਾਂ ਠੰਡੇ ਲਿਕਵਿਡ ਨਾਲ ਲੈਂਦੇ ਹਨ। ਕੁਝ ਲੋਕ ਆਪਣੀਆਂ ਦਵਾਈਆਂ ਜਾਂ ਗੋਲੀਆਂ ਡਾਕਟਰ ਦੇ ਦੱਸੇ ਤਰੀਕੇ ਅਨੁਸਾਰ ਹੀ ਲੈਂਦੇ ਹਨ। ਹਾਲਾਂਕਿ ਕੁਝ ਲੋਕ ਦਿਨ ਭਰ ਵਿੱਚ ਜਦੋਂ ਵੀ ਉਨ੍ਹਾਂ ਨੂੰ ਯਾਦ ਆਉਂਦਾ ਹੈ, ਉਸ ਵੇਲੇ ਆਪਣੀ ਦਵਾਈ ਖਾ ਲੈਂਦੇ ਹਨ। ਪਰ ਸਵਾਲ ਇਹ ਹੈ ਕਿ ਕੀ ਉਨ੍ਹਾਂ ਲਈ ਜਦੋਂ ਮਨ ਕਰੇ ਓਦੋਂ ਦਵਾਈ ਖਾਣਾ ਠੀਕ ਹੈ? ਕੀ ਤੁਸੀ ਜਾਣਦੇ ਹੋ ਕਿ ਦਵਾਈਆਂ ਜਾਂ ਗੋਲੀਆਂ ਖਾਂਦੇ ਸਮੇਂ ਜੋ ਪਾਣੀ ਅਸੀ ਪੀਂਦੇ ਹਾਂ ਅਤੇ ਜਿਸ ਸਮੇਂ ਅਸੀ ਉਨ੍ਹਾਂ ਦਵਾਈਆਂ ਨੂੰ ਲੈਂਦੇ ਹਾਂ, ਵਰਗੀਆਂ ਛੋਟੀਆਂ-ਛੋਟੀਆਂ ਗੱਲਾਂ ਵੀ ਕਿੰਨਾ ਵੱਡਾ ਪ੍ਰਭਾਵ ਪਾਉਂਦੀਆਂ ਹਨ। ਦਵਾਈ ਲੈਣ ਦਾ ਤਰੀਕਾ ਇਸ ਗੱਲ 'ਤੇ ਬਹੁਤ ਅਸਰ ਪਾਉਂਦਾ ਹੈ ਕਿ ਦਵਾਈ ਸਰੀਰ ਵਿੱਚ ਕਿਵੇਂ ਐਬਜ਼ੋਰਬ ਹੁੰਦੀ ਹੈ (ਭਾਵ ਸਰੀਰ 'ਚ ਕਿਵੇਂ ਘੁਲਦੀ ਹੈ) ਅਤੇ ਕਿੰਨੀ ਪ੍ਰਭਾਵਸ਼ਾਲੀ ਹੁੰਦੀ ਹੈ। ਇਸ ਰਿਪੋਰਟ ਵਿੱਚ ਜਾਣਦੇ ਹਾਂ ਦਵਾਈ ਲੈਣ ਬਾਰੇ ਕੁਝ ਅਜਿਹੀਆਂ ਹੀ ਜ਼ਰੂਰੀ ਗੱਲਾਂ...

## ਦਵਾਈਆਂ ਕਈ ਘੰਟਿਆਂ ਤੱਕ ਢਿੱਡ ਵਿੱਚ ਰਹਿੰਦੀਆਂ ਹਨ

ਦਵਾਈਆਂ ਕਈ ਰੂਪਾਂ ਵਿੱਚ ਉਪਲੱਬਧ ਹਨ। ਇਹ ਸਿਰਪ, ਸਸਪੈਂਸ਼ਨ, ਟੈਬਲੈਟ, ਕੈਪਸੂਲ, ਪਾਊਡਰ ਅਤੇ ਇੰਜੈਕਸ਼ਨ ਦੇ ਰੂਪ ਵਿੱਚ ਮਿਲਦੀਆਂ ਹਨ। ਮਾਹਿਰਾਂ ਦੇ ਮੁਤਾਬਕ ਲਿਕਵਿਡ ਦਵਾਈ ਸਰੀਰ ਵਿੱਚ ਆਸਾਨੀ ਨਾਲ ਐਬਜ਼ੋਰਬ ਹੋ ਜਾਂਦੀ ਹੈ। ਪਰ ਉਨ੍ਹਾਂ ਨੂੰ ਲੰਬੇ ਸਮੇਂ ਤੱਕ ਸਟੋਰ ਕਰਨਾ ਮੁਸ਼ਕਲ ਹੁੰਦਾ ਹੈ। ਇਸ ਲਈ ਕਈ ਦਵਾਈਆਂ ਗੋਲੀਆਂ ਅਤੇ ਕੈਪਸੂਲ ਦੇ ਰੂਪ ਵਿੱਚ ਬਣਾਈਆਂ ਜਾਂਦੀਆਂ ਹਨ। ਹਾਲਾਂਕਿ, ਹਰ ਤਰ੍ਹਾਂ ਦੀ ਦਵਾਈ ਲਿਕਵਿਡ ਫਾਰਮ ਵਿੱਚ ਨਹੀ ਲਈ ਜਾ ਸਕਦੀ। ਖ਼ਾਸ ਕਰਕੇ ਹੌਲੀ-ਹੌਲੀ ਅਸਰ ਕਰਨ ਵਾਲੀਆਂ ਦਵਾਈਆਂ। ਭਾਵ ਉਹ ਦਵਾਈਆਂ ਜੋ ਸਾਡੇ ਢਿੱਡ ਵਿੱਚ ਪਹੁੰਚਦੇ ਹੀ ਤੁਰੰਤ ਨਹੀ ਘੁਲਦੀਆਂ ਅਤੇ ਸਰੀਰ ਵਿੱਚ ਪੂਰੀ ਤਰ੍ਹਾਂ ਐਬਜ਼ੋਰਬ ਨਹੀ ਹੁੰਦੀਆਂ। ਇਸ ਲਈ ਉਨ੍ਹਾਂ ਵਿੱਚ ਮੌਜੂਦ ਮੈਡੀਸਿਨਲ ਇੰਗ੍ਰੀਡੀਐਂਟਸ ਕਈ ਘੰਟਿਆਂ ਤੱਕ ਆਪਣਾ ਅਸਰ ਦਿਖਾਉਂਦੇ ਰਹਿੰਦੇ ਹਨ। ਜੋ ਦਵਾਈਆਂ ਅਸਰ ਦਿਖਾਉਣ ਵਿੱਚ ਸਮਾਂ ਲੈਂਦੀਆਂ ਹਨ, ਉਨ੍ਹਾਂ ਦੇ ਐਕਟਿਵ ਕੰਪੋਨੈਂਟਸ ਸਰੀਰ ਵਿੱਚ ਕਈ ਘੰਟਿਆਂ ਤੱਕ ਹੌਲੀ-ਹੌਲੀ ਜਾਂਦੇ ਰਹਿੰਦੇ ਹਨ। ਇਸ ਤਰ੍ਹਾਂ ਦੀਆਂ ਦਵਾਈਆਂ ਨੂੰ ਪੀਸਣਾ ਜਾਂ ਚੱਬਣਾ ਨਹੀ ਚਾਹੀਦਾ। ਮਾਹਿਰ ਕਹਿੰਦੇ ਹਨ ਕਿ ਜੇ ਇਨ੍ਹਾਂ ਨੂੰ ਪੀਸਿਆ ਜਾਂ ਚੱਬਿਆ ਜਾਵੇ, ਤਾਂ ਇਨ੍ਹਾਂ ਦੇ ਸਾਰੇ ਐਕਟਿਵ ਕੰਪੋਨੈਂਟਸ ਇੱਕੋ ਵਾਰ 'ਚ ਸਰੀਰ ਵਿੱਚ ਜਾ ਸਕਦੇ ਹਨ। ਇਹ ਸਿਹਤ ਲਈ ਖ਼ਤਰਨਾਕ ਹੋ ਸਕਦਾ ਹੈ।

## ਠੰਡਾ ਜਾਂ ਗਰਮ, ਗੋਲੀਆਂ ਨੂੰ ਕਿਹੋ-ਜਿਹੇ ਪਾਣੀ ਨਾਲ ਲਿਆ ਜਾਵੇ?

ਇਹ ਵੀ ਸਵਾਲ ਹੈ ਕਿ ਦਵਾਈ ਵਾਲੀ ਗੋਲੀ ਨੂੰ ਕਿਸ ਤਰ੍ਹਾਂ ਦੇ ਪਾਣੀ ਨਾਲ ਲੈਣਾ ਚਾਹੀਦਾ ਹੈ। ਇਸ ਬਾਰੇ ਗੱਲ ਕਰਦਿਆਂ ਡਾਕਟਰ ਗੋਪੇਸ਼ ਨੇ ਦੱਸਿਆ, "ਕਿਸੇ ਵੀ ਗੋਲੀ ਜਾਂ ਕੈਪਸੂਲ ਨੂੰ ਗਰਮ ਪਾਣੀ ਨਾਲ ਲੈਣਾ ਸਭ ਤੋਂ ਚੰਗਾ ਹੁੰਦਾ ਹੈ।" "ਚਾਹੇ ਉਹ ਗੋਲੀਆਂ ਹੋਣ ਜਾਂ ਦਾਣੇਦਾਰ ਦਵਾਈ ਜਾਂ ਫਿਰ ਕੈਪਸੂਲ, ਗਰਮ ਪਾਣੀ ਨਾਲ ਲੈਣ 'ਤੇ ਉਨ੍ਹਾਂ ਦਾ ਸਹੀ ਪ੍ਰਭਾਵ ਦੇਖਣ ਨੂੰ ਮਿਲਦਾ ਹੈ।"

ਉਨ੍ਹਾਂ ਕਿਹਾ, "ਠੰਡਾ ਪਾਣੀ ਗੋਲੀ ਜਾਂ ਕੈਪਸੂਲ ਦੇ ਘੁਲਣ ਦੀ ਪ੍ਰਕਿਰਿਆ ਨੂੰ ਹੌਲੀ ਕਰ ਦਿੰਦਾ ਹੈ। ਗਰਮ ਪਾਣੀ ਨਾਲ ਗੋਲੀ ਜਾਂ ਕੈਪਸੂਲ ਲੈਣ ਨਾਲ ਉਸ ਵਿੱਚ ਮੌਜੂਦ ਮੈਡੀਸਿਨਲ ਇੰਗ੍ਰੀਡੀਐਂਟਸ ਦਾ ਪ੍ਰਭਾਵ ਘਟ ਸਕਦਾ ਹੈ।" ਉਨ੍ਹਾਂ ਦੱਸਿਆ ਕਿ ਦਵਾਈ ਨੂੰ ਉਸੇ ਤਰੀਕੇ ਨਾਲ ਲੈਣਾ ਚਾਹੀਦਾ ਹੈ ਜਿਵੇਂ ਡਾਕਟਰ ਦੱਸੇ। ਕਦੇ ਵੀ ਆਪਣੇ ਮਨ ਨਾਲ ਦਵਾਈ ਨਹੀ ਲੈਣੀ ਚਾਹੀਦੀ। ਡਾਕਟਰ ਐਨ. ਵਿਜੈਲਕਸ਼ਮੀ ਨੇ 'ਕੇਆਈਐਮਐਸ ਹੈਲਥ' ਵੈਬਸਾਈਟ 'ਤੇ ਇਸ ਵਿਸ਼ੇ 'ਤੇ ਇੱਕ ਲੇਖ ਰਾਹੀ ਜਾਣਕਾਰੀ ਦਿੱਤੀ ਹੈ। ਉਨ੍ਹਾਂ ਦੁਆਰਾ ਦਿੱਤੀ ਜਾਣਕਾਰੀ ਮੁਤਾਬਕ, "ਅਸੀ ਜੋ ਦਵਾਈਆਂ ਲੈਂਦੇ ਹਾਂ, ਉਹ ਢਿੱਡ ਅਤੇ ਅੰਤੜੀਆਂ ਦੀਆਂ ਕੋਸ਼ਿਕਾਵਾਂ ਰਾਹੀ ਸਰੀਰ ਵਿੱਚ ਐਬਜ਼ੋਰਬ (ਜਜ਼ਬ) ਹੋ ਜਾਂਦੀਆਂ ਹਨ।" ਸਰੀਰ ਵਿੱਚ ਮੈਡੀਸਿਨਲ ਇੰਗ੍ਰੀਡੀਐਂਟਸ ਦੇ ਠੀਕ ਤਰੀਕੇ ਨਾਲ ਐਬਜ਼ੋਰਬ ਹੋਣ ਲਈ ਢਿੱਡ ਅਤੇ ਅੰਤੜੀਆਂ ਦੇ ਵਿਚਕਾਰ ਵਾਲੇ ਹਿੱਸੇ ਦਾ ਤਾਪਮਾਨ ਠੀਕ ਹੋਣਾ ਜ਼ਰੂਰੀ ਹੈ। ਠੰਡਾ ਪਾਣੀ ਢਿੱਡ ਵਿੱਚ ਦਵਾਈਆਂ ਦੇ ਘੁਲਣ ਦੀ ਗਤੀ ਨੂੰ ਹੌਲਾ ਕਰ ਦਿੰਦਾ ਹੈ। ਠੰਡਾ ਪਾਣੀ ਢਿੱਡ ਦੇ ਤਾਪਮਾਨ ਨੂੰ ਵੀ ਘਟਾ ਦਿੰਦਾ ਹੈ। ਇਸ ਨਾਲ ਦਵਾਈ ਦੇ ਤੱਤ ਸਰੀਰ ਵਿੱਚ ਠੀਕ ਤਰ੍ਹਾਂ ਐਬਜ਼ੋਰਬ ਨਹੀ ਹੋ ਪਾਉਂਦੇ। ਇਹ



ਪ੍ਰਕਿਰਿਆ ਵਿੱਚ ਰੁਕਾਵਟ ਪਾਉਂਦਾ ਹੈ। ਜਦੋਂ ਅਸੀ ਠੰਡੇ ਪਾਣੀ ਨਾਲ ਦਵਾਈ ਲੈਂਦੇ ਹਾਂ, ਤਾਂ ਢਿੱਡ ਵਿੱਚ ਪਹੁੰਚਣ 'ਤੇ ਸਰੀਰ ਨੂੰ ਇਸ ਨੂੰ ਗਰਮ ਕਰਨ ਲਈ ਵੱਧ ਊਰਜਾ ਖਰਚ ਕਰਨੀ ਪੈਂਦੀ ਹੈ। ਅਸਲ ਵਿੱਚ, ਸਰੀਰ ਨੂੰ ਗੋਲੀਆਂ ਨੂੰ ਪਚਾਉਣ ਮਤਲਬ ਦਵਾਈ ਨੂੰ ਐਬਜ਼ੋਰਬ ਕਰਨ ਲਈ ਊਰਜਾ ਦੀ ਲੋੜ ਹੁੰਦੀ ਹੈ। ਪਰ ਇਸ ਦੀ ਬਜਾਏ ਉਹ ਊਰਜਾ ਪੇਟ ਵਿੱਚ ਪਾਣੀ ਨੂੰ ਗਰਮ ਕਰਨ ਵਿੱਚ ਖਰਚ ਹੋ ਜਾਂਦੀ ਹੈ। ਜਿਵੇਂ ਜੇਕਰ ਚੌਲ ਖਾਣ ਤੋਂ ਬਾਅਦ ਵੀ ਤੁਸੀ ਠੰਡਾ ਪਾਣੀ ਪੀਂਦੇ ਹੋ, ਤਾਂ ਸਰੀਰ ਭੋਜਨ ਵਿੱਚ ਮੌਜੂਦ ਪੋਸ਼ਕ ਤੱਤਾਂ ਨੂੰ ਐਬਜ਼ੋਰਬ ਕਰਨ ਦੀ ਬਜਾਏ ਉਸ ਠੰਡੇ ਪਾਣੀ ਨੂੰ ਸਰੀਰ ਦੇ ਤਾਪਮਾਨ ਤੱਕ ਗਰਮ ਕਰਨ ਵਿੱਚ ਊਰਜਾ ਖਰਚ ਕਰ ਦਿੰਦਾ ਹੈ।

## ਤਾਂ ਕੀ ਗਰਮ ਪਾਣੀ ਨਾਲ ਦਵਾਈ ਲੈਣਾ ਠੀਕ ਹੈ?

ਆਪਣੇ ਲੇਖ ਵਿੱਚ ਡਾ. ਵਿਜੈਲਕਸ਼ਮੀ ਨੇ ਦੱਸਿਆ, "ਜੇ ਤੁਸੀ ਗਰਮ ਜਾਂ ਸਧਾਰਣ ਤਾਪਮਾਨ ਦੇ ਪਾਣੀ ਨਾਲ ਦਵਾਈ ਲੈਂਦੇ ਹੋ, ਤਾਂ ਦਵਾਈ ਸਰੀਰ ਵਿੱਚ ਤੇਜ਼ੀ ਨਾਲ ਘੁਲ ਜਾਂਦੀ ਹੈ ਅਤੇ ਉਸ ਦਾ ਅਸਰ ਵੀ ਤੇਜ਼ੀ ਨਾਲ ਦਿਖਾਈ ਦੇਣ ਲੱਗਦਾ ਹੈ।"

## ਕੀ ਦਵਾਈ ਨੂੰ ਦੁੱਧ, ਮਿਨਰਲ ਵਾਟਰ ਜਾਂ ਜੂਸ ਨਾਲ ਲੈਣਾ ਠੀਕ ਹੈ?

ਉਰਸੁਲਾ ਸੇਲਰਬਰਗ ਨੇ 'ਦ ਹਿੰਦੂ' ਵਿੱਚ ਆਪਣੇ ਲੇਖ ਵਿੱਚ ਲਿਖਿਆ, "ਦਵਾਈਆਂ ਨੂੰ ਸਾਦੇ ਪਾਣੀ ਨਾਲ ਲੈਣਾ ਸਭ ਤੋਂ ਵਧੀਆ ਹੈ। ਕਿਉਂਕਿ ਦੁੱਧ, ਮਿਨਰਲ ਵਾਟਰ, ਜੂਸ, ਬੀਅਰ ਅਤੇ ਵਾਈਨ ਦੇ ਨਾਲ ਦਵਾਈਆਂ ਲੈਣ ਨਾਲ ਕਈ ਵਾਰ ਉਨ੍ਹਾਂ ਦਵਾਈਆਂ ਦਾ ਅਸਰ ਬਦਲ ਸਕਦਾ ਹੈ।" ਉਰਸੁਲਾ ਸੇਲਰਬਰਗ ਜਰਮਨ ਐਸੋਸੀਏਸ਼ਨ ਆਫ ਫਾਰਮਾਸਿਸਟ ਦੀ ਫੈਡਰਲ ਯੂਨੀਅਨ ਦੇ ਬੁਲਾਰੇ ਹਨ। ਉਨ੍ਹਾਂ ਨੇ ਚੇਤਾਵਨੀ ਦਿੰਦੇ ਹੋਏ ਕਿਹਾ, "ਦੁੱਧ ਵਿੱਚ ਕੈਲਸ਼ੀਅਮ ਹੁੰਦਾ ਹੈ, ਜੋ ਦਵਾਈਆਂ ਨਾਲ ਮਿਲ ਜਾਂਦਾ ਹੈ। ਇਸ ਨਾਲ ਦਵਾਈ ਖੂਨ ਵਿੱਚ ਪ੍ਰਵੇਸ਼ ਨਹੀ ਕਰ ਪਾਉਂਦੀ। ਕੈਲਸ਼ੀਅਮ ਵਾਲੇ ਜੂਸ ਅਤੇ ਮਿਨਰਲ ਵਾਟਰ ਨਾਲ ਵੀ ਅਜਿਹਾ ਹੀ ਹੋ ਸਕਦਾ ਹੈ।" ਉਰਸੁਲਾ ਸੇਲਰਬਰਗ ਦਾ ਕਹਿਣਾ ਹੈ ਕਿ ਦੁੱਧ ਅਤੇ ਡੇਅਰੀ ਉਤਪਾਦ ਕੁਝ ਦਵਾਈਆਂ, ਖ਼ਾਸ ਕਰਕੇ ਥਾਇਰਾਇਡ ਹਾਰਮੋਨ, ਆਸਟਿਓਪੋਰੋਸਿਸ ਦੀਆਂ ਦਵਾਈਆਂ ਅਤੇ ਕਈ ਕਿਸਮ ਦੀਆਂ ਐਂਟੀਬਾਇਓਟਿਕ ਦਵਾਈਆਂ ਦੇ ਪ੍ਰਭਾਵ ਨੂੰ ਘੱਟ ਕਰ ਸਕਦੇ ਹਨ।

## ਅੰਗੂਰਾਂ ਦਾ ਰਸ

ਅਧਿਐਨ ਤੋਂ ਪਤਾ ਲੱਗਾ ਹੈ ਕਿ ਹੋਰ ਫਲਾਂ ਦੇ ਰਸਾਂ ਦੇ ਮੁਕਾਬਲੇ ਅੰਗੂਰ ਦਾ ਰਸ ਕਈ ਕਿਸਮ ਦੀਆਂ ਦਵਾਈਆਂ ਦੇ ਪ੍ਰਭਾਵ ਅਤੇ ਸਾਈਡ ਇਫੈਕਟਸ ਨੂੰ ਵਧਾ ਦਿੰਦਾ ਹੈ। ਸੇਲਰਬਰਗ ਕਹਿੰਦੇ ਹਨ, "ਅੰਗੂਰ ਦਾ ਰਸ ਸਾਡੇ ਸਰੀਰ ਵਿੱਚ ਉਨ੍ਹਾਂ ਐਂਜ਼ਾਈਮਾਂ ਨੂੰ ਰੋਕਦਾ ਹੈ ਜੋ ਦਵਾਈਆਂ ਨੂੰ ਤੋੜਦੇ ਹਨ।" ਅੰਗੂਰ ਦਾ ਰਸ ਹਾਈ ਬਲੱਡ ਪ੍ਰੈਸ਼ਰ, ਦਿਲ ਦੀ ਬਿਮਾਰੀ, ਲਿਪਿਡ ਮੈਟਾਬੋਲਿਜ਼ਮ ਵਿਕਾਰ ਅਤੇ ਹੋਰ ਲੰਬੇ ਸਮੇਂ ਵਾਲੀਆਂ ਬਿਮਾਰੀਆਂ ਲਈ ਵਰਤੀਆਂ ਜਾਣ ਵਾਲੀਆਂ ਦਵਾਈਆਂ ਨਾਲ ਰਿਐਕਸ਼ਨ ਕਰ ਸਕਦਾ ਹੈ। ਸੰਤਰੇ ਅਤੇ ਸੇਬ ਦੇ ਰਸ ਦੇ ਮਾਮਲੇ ਵਿੱਚ ਹੁਣ ਤੱਕ ਅਜਿਹੇ ਸਾਈਡ ਇਫੈਕਟਸ ਨਹੀ ਦੇਖੇ ਗਏ ਹਨ।

## ਸ਼ਰਾਬ

ਕਿਸੇ ਵੀ ਹਾਲਤ ਵਿੱਚ ਦਵਾਈਆਂ ਦਾ ਸੇਵਨ ਸ਼ਰਾਬ ਨਾਲ ਨਹੀ ਕਰਨਾ ਚਾਹੀਦਾ। ਅਜਿਹਾ ਇਸ ਲਈ ਹੈ ਕਿਉਂਕਿ ਐਲਕੋਹਲ ਕੁਝ ਐਕਟਿਵ ਦਵਾਈਆਂ ਨਾਲ ਰਿਐਕਟ ਕਰਕੇ ਸਾਈਡ ਇਫੈਕਟ ਪੈਦਾ ਕਰ ਸਕਦੀ ਹੈ।

## ਦਵਾਈ ਲੈਂਦੇ ਸਮੇਂ ਕਿੰਨਾ ਪਾਣੀ ਪੀਣਾ ਚਾਹੀਦਾ ਹੈ?

ਕੁਝ ਲੋਕ ਦਵਾਈ ਨੂੰ ਪਾਣੀ ਤੋਂ ਬਿਨਾਂ ਸਿੱਧੇ ਹੀ ਲੈ ਲੈਂਦੇ ਹਨ। ਇਸ ਕਰਕੇ ਬਿਨਾਂ ਕੋਟਿੰਗ ਵਾਲੀ ਦਵਾਈ ਜੀਭ ਨਾਲ ਚਿਪਕ ਜਾਂਦੀ ਹੈ। ਨਾਲ ਹੀ, ਇਸ ਨਾਲ ਜੀਭ 'ਤੇ ਕੌੜਾ ਸਵਾਦ ਵੀ ਰਹਿ ਜਾਂਦਾ ਹੈ। ਡਾਕਟਰ ਪ੍ਰਦੀਪ ਸਿੰਘ ਮੁੰਬਈ ਦੇ ਫੋਰਟਿਸ ਹਸਪਤਾਲ ਵਿੱਚ ਡਾਕਟਰ ਹਨ। ਹੈਲਥਸਾਈਟ.ਕਾਮ ਨੇ ਡਾਕਟਰ ਪ੍ਰਦੀਪ ਸਿੰਘ ਦੇ ਹਵਾਲੇ ਨਾਲ ਦੱਸਿਆ ਹੈ ਕਿ ਜੇ ਤੁਸੀ ਗੋਲੀ ਨੂੰ ਬਿਨਾਂ ਪਾਣੀ ਦੇ ਲੈਂਦੇ ਹੋ, ਤਾਂ ਇਹ ਤੁਹਾਡੇ ਗਲੇ ਵਿੱਚ ਅਟਕ ਸਕਦੀ ਹੈ ਅਤੇ ਤੁਹਾਨੂੰ ਘੁਟਣ ਮਹਿਸੂਸ ਹੋ ਸਕਦੀ ਹੈ। ਉਹ ਲਿਖਦੇ ਹਨ, "ਜੇ ਤੁਸੀ ਬਿਨਾਂ ਪਾਣੀ ਦੇ ਗੋਲੀ ਲੈਂਦੇ ਹੋ, ਤਾਂ ਇਹ ਠੀਕ ਤਰ੍ਹਾਂ ਘੁਲਦੀ ਨਹੀ ਹੈ। ਇਸ ਲਈ ਗੋਲੀ ਪਾਚਨ ਤੰਤਰ ਰਾਹੀ ਮਲ ਦੇ ਨਾਲ ਬਾਹਰ ਨਿਕਲ ਜਾਂਦੀ ਹੈ। ਜੇ ਗੋਲੀ ਬਿਨਾਂ ਘੁੱਲੇ ਸਰੀਰ ਤੋਂ ਬਾਹਰ ਨਿਕਲ ਜਾਂਦੀ ਹੈ, ਤਾਂ ਇਸਦਾ ਮਤਲਬ ਹੈ ਕਿ ਸਰੀਰ ਨੂੰ ਦਵਾਈ ਤੋਂ ਕੋਈ ਲਾਭ ਨਹੀ ਮਿਲਿਆ।" ਉਦਾਹਰਨ ਵਜੋਂ, ਡਾਕਟਰ ਪ੍ਰਦੀਪ ਕਹਿੰਦੇ ਹਨ ਕਿ ਆਈਬੂਪ੍ਰੋਫੇਨ ਵਰਗੀਆਂ ਨਾਨ-ਸਟੇਰਾਇਡਲ ਐਂਟੀ-ਇੰਫਲਾਮੇਟਰੀ ਦਵਾਈਆਂ, ਜੇ ਲੋੜੀਂਦੇ ਪਾਣੀ ਨਾਲ ਨਾ ਲਈਆਂ ਜਾਣ, ਤਾਂ ਢਿੱਡ ਵਿੱਚ ਮੌਜੂਦ ਹਾਈਡ੍ਰੋਕਲੋਰਿਕ ਐਸਿਡ ਨਾਲ ਰਿਐਕਟ ਕਰ ਸਕਦੀਆਂ ਹਨ ਜਾਂ ਉਸ ਨਾਲ ਜੁੜ ਸਕਦੀਆਂ ਹਨ, ਜਿਸ ਨਾਲ ਪੇਟ ਵਿੱਚ ਅਲਸਰ ਹੋ ਸਕਦਾ ਹੈ। ਤੁਸੀ ਆਮ ਤੌਰ 'ਤੇ ਗੋਲੀ ਲੈਂਦੇ ਸਮੇਂ ਕਮਰੇ ਦੇ ਤਾਪਮਾਨ ਦੇ ਬਰਾਬਰ ਇੱਕ ਗਿਲਾਸ ਪਾਣੀ ਪੀ ਸਕਦੇ ਹੋ। ਜੇ ਤੁਹਾਨੂੰ ਇਸ ਬਾਰੇ ਕੋਈ ਖਦਸ਼ਾ ਹੈ, ਤਾਂ ਡਾਕਟਰ ਨਾਲ ਸਲਾਹ ਕਰੋ।



ਰੋਜ਼ਾਨਾ ਚੜ੍ਹਦੀਕਲਾ
## ਸਿਹਤ ਖ਼ਬਰਨਾਮਾ



# ਸਰੀਰ ਦੀ ਗੰਦਗੀ ਨੂੰ ਬਾਹਰ ਕੱਢੇਗਾ ਤਰਬੂਜ! ਮਿੰਟਾਂ 'ਚ ਦੂਰ ਹੋਵੇਗੀ ਗਰਮੀ ਤੇ ਥਕਾਵਟ

ਜਿਵੇਂ-ਜਿਵੇਂ ਪਾਰਾ ਚੜ੍ਹ ਰਿਹਾ ਹੈ, ਸਰੀਰ ਨੂੰ ਠੰਡਕ ਅਤੇ ਤਾਜ਼ਗੀ ਦੀ ਲੋੜ ਵਧਦੀ ਜਾ ਰਹੀ



ਹੈ। ਅਜਿਹੇ 'ਚ ਤਰਬੂਜ ਤੋਂ ਵਧੀਆ ਹੋਰ ਕੁਝ ਨਹੀਂ ਹੋ ਸਕਦਾ। ਲਾਲ-ਸੁਰਖ ਅਤੇ ਮਿੱਠਾ ਤਰਬੂਜ ਨਾ ਸਿਰਫ਼ ਸਵਾਦ 'ਚ ਲਾਜਵਾਬ ਹੈ, ਸਗੋਂ ਇਹ ਸਿਹਤ ਦਾ ਖ਼ਜ਼ਾਨਾ ਵੀ ਹੈ। ਵਿਗਿਆਨੀਆਂ ਅਨੁਸਾਰ ਤਰਬੂਜ 'ਚ 92% ਪਾਣੀ ਹੁੰਦਾ ਹੈ, ਜੋ ਗਰਮੀਆਂ 'ਚ ਸਰੀਰ ਲਈ ਸਭ ਤੋਂ ਜ਼ਰੂਰੀ ਹੈ।

**ਸਰੀਰ ਨੂੰ ਰੱਖੇ ਹਾਈਡ੍ਰੇਟ ;** ਗਰਮੀ 'ਚ ਪਸੀਨੇ ਰਾਹੀਂ ਨਿਕਲੇ ਪਾਣੀ ਦੀ ਕਮੀ ਨੂੰ ਤਰਬੂਜ ਮਿੰਟਾਂ 'ਚ ਪੂਰਾ ਕਰਦਾ ਹੈ ਅਤੇ ਡੀਹਾਈਡ੍ਰੇਸ਼ਨ ਤੋਂ ਬਚਾਉਂਦਾ ਹੈ।

**ਦਿਲ ਦੀ ਸਿਹਤ ਲਈ ਉੱਤਮ :** ਇਸ 'ਚ ਮੌਜੂਦ ਲਾਇਕੋਪੀਨ ਦਿਲ ਦੀਆਂ ਬਿਮਾਰੀਆਂ ਦੇ ਖਤਰੇ ਨੂੰ ਘਟਾਉਂਦਾ ਹੈ ਅਤੇ ਬਲੱਡ ਪ੍ਰੈਸ਼ਰ ਨੂੰ ਕੰਟਰੋਲ 'ਚ ਰੱਖਦਾ ਹੈ।

**ਚਮੜੀ 'ਤੇ ਲਿਆਵੇ ਕੁਦਰਤੀ ਨਿਖਾਰ :** ਵਿਟਾਮਿਨ-1 ਅਤੇ 3 ਨਾਲ ਭਰਪੂਰ ਹੋਣ ਕਾਰਨ ਇਹ ਚਿਹਰੇ ਦੀਆਂ ਝੁਰੜੀਆਂ ਦੂਰ ਕਰਦਾ ਹੈ ਅਤੇ ਚਮੜੀ ਨੂੰ ਚਮਕਦਾਰ ਬਣਾਉਂਦਾ ਹੈ।

**ਵਜ਼ਨ ਘਟਾਉਣ 'ਚ ਮਦਦਗਾਰ :** ਜੇਕਰ ਤੁਸੀਂ ਡਾਇਟਿੰਗ 'ਤੇ ਹੋ, ਤਾਂ ਤਰਬੂਜ ਤੁਹਾਡਾ ਸਭ ਤੋਂ ਵਧੀਆ ਸਾਥੀ ਹੈ। ਇਹ ਪੇਟ ਨੂੰ ਜਲਦੀ ਭਰ ਦਿੰਦਾ ਹੈ ਅਤੇ ਕੈਲੋਰੀ ਵੀ ਬਹੁਤ ਘੱਟ ਹੁੰਦੀ ਹੈ।

**ਮਾਸਪੇਸ਼ੀਆਂ ਦੇ ਦਰਦ ਤੋਂ ਰਾਹਤ:** ਕਸਰਤ ਤੋਂ ਬਾਅਦ ਤਰਬੂਜ ਖਾਣਾ ਜਾਂ ਇਸ ਦਾ ਜੂਸ ਪੀਣਾ ਮਾਸਪੇਸ਼ੀਆਂ ਦੀ ਥਕਾਵਟ ਨੂੰ ਦੂਰ ਕਰਦਾ ਹੈ।



'ਪਦਮਸ੍ਰੀ' ਡਾ. ਜਗਜੀਤ ਸਿੰਘ ਦਰਦੀ ਚੇਅਰਮੈਨ ਚੜ੍ਹਦੀਕਲਾ ਗਰੁੱਪ ਦਾ ਹਾਲ-ਚਾਲ ਜਾਨਣ ਲਈ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਆਪਣੀ ਟੀਮ ਸਮੇਤ ਪੁੱਜੇ। ਉਨ੍ਹਾਂ ਨੇ 'ਪਦਮਸ੍ਰੀ' ਡਾ. ਜਗਜੀਤ ਸਿੰਘ ਦਰਦੀ ਦੀ ਸਿਹਤਯਾਬੀ ਲਈ ਅਰਦਾਸ ਕੀਤੀ। ਇਸ ਮੌਕੇ ਚੜ੍ਹਦੀਕਲਾ ਟਾਈਮ ਟੀ.ਵੀ. ਦੇ ਡਾਇਰੈਕਟਰ ਸ੍ਰ. ਹਰਪ੍ਰੀਤ ਸਿੰਘ ਦਰਦੀ, ਸ੍ਰੀਮਤੀ ਜਸਵਿੰਦਰ ਕੌਰ ਦਰਦੀ, ਸਿਮਰਨਪ੍ਰੀਤ ਸਿੰਘ ਐੱਸਪੀ, ਕੌਂਸਲਰ ਰਣਜੀਤ ਸਿੰਘ ਚੰਢੋਕ, ਦਮਨਦੀਪ ਸਿੰਘ ਅਕਾਊਂਟ ਮੈਨੇਜਰ ਵੀ ਮੌਜੂਦ ਸਨ।



ਭਾਈ ਰੂਪਾ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਸਨਮਾਨਤ ਕਰਦੇ ਹੋਏ ਭਾਈ ਰੂਪ ਚੰਦ ਜੀ ਦੇ ਵੰਸ਼ ਭਾਈ ਬਲਬੀਰ ਸਿੰਘ ਤੇ ਸਾਥੀ।

# ਖਾਲਸਾ ਪੰਥ ਸਾਜਨਾ ਦਿਵਸ ਨੂੰ ਸਮਰਪਿਤ ਬਰੇਸ਼ੀਆ ਵਿਖੇ ਅਲੌਕਿਕ ਨਗਰ ਕੀਰਤਨ ਸਜਾਇਆ

ਮਿਲਾਨ, 21 ਅਪ੍ਰੈਲ (ਦਲਜੀਤ ਮੱਕੜ) : ਖਾਲਸਾ ਪੰਥ ਦੇ ਸਿਰਜਣਾ ਦਿਵਸ ਨੂੰ ਸਮਰਪਿਤ ਇਟਲੀ ਦੇ ਵੱਖ ਵੱਖ ਅਨੇਕਾਂ ਵਿਸ਼ਾਲ ਨਗਰ ਕੀਰਤਨ, ਗੁਰਮਤਿ ਸਮਾਗਮ ਅਤੇ ਅਮ੍ਰਿਤ ਸੰਚਾਰ ਇਟਲੀ ਦੀ ਧਰਤੀ ਤੇ ਵੱਸਦੀ ਸਿੱਖ ਸੰਗਤ ਦੁਆਰਾ ਬੜੇ ਉਤਸ਼ਾਹ ਤੇ ਸ਼ਰਧਾ ਨਾਲ ਕਰਵਾਏ ਜਾ ਰਹੇ ਹਨ।ਇਸੇ ਲੜੀ ਤਹਿਤ ਬਰੇਸ਼ੀਆ ਜਿਲੇ ਦੇ ਪ੍ਰਸਿੱਧ ਗੁਰਦੁਆਰਾ ਸਾਹਿਬ ਬਾਬਾ ਬੁੱਢਾ ਸਾਹਿਬ ਜੀ ਸਿੱਖ ਸੈਂਟਰ ਕਸਤੇਨੇਦਲੋ (ਬਰੇਸ਼ੀਆ)ਵੱਲੋਂ ਸਮੁੱਚੀਆਂ ਸੰਗਤਾਂ ਦੇ ਸਹਿਯੋਗ ਨਾਲ 15ਵਾਂ ਅਲੌਕਿਕ ਨਗਰ ਕੀਰਤਨ ਸਜਾਇਆ ਗਿਆ। ਇਸ ਵਿਚ ਇਟਲੀ ਦੇ ਵੱਖ ਵੱਖ ਇਲਾਕਿਆਂ ਵਿਚ ਵੱਸਦੀਆਂ ਸੰਗਤਾਂ ਵਲੋਂ ਦੂਰ ਦਰਾਡੇ ਤੋਂ ਪਹੁੰਚ ਕਰਕੇ ਨਗਰ ਕੀਰਤਨ ਵਿੱਚ ਸ਼ਮੂਲ਼ੀਅਤ ਕੀਤੀ।ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਸਜਾਏ ਦੀਵਾਨਾਂ ਵਿੱਚ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਭਾਈ ਜਗਤਾਰ ਸਿੰਘ ਵੱਲੋਂ ਕੀਰਤਨ ਕੀਤਾ ਗਿਆ ਅਤੇ ਮਾਝੈ ਵਾਲਾ ਜੱਥਾ ਭਾਈ ਗੁਰਜੀਤ ਸਿੰਘ ਘਰਿਆਲੀ ਤੇ ਭਾਈ ਜੋਗਿੰਦਰ ਸਿੰਘ ਦਦੇਹਰ ਸਾਹਿਬ ਵਾਲਿਆਂ ਨੇ ਕਵੀਸ਼ਰੀ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ-ਛਾਇਆ ਹੇਠ ਨਗਰ ਕੀਰਤਨ ਦੀ ਆਰੰਭਤਾ ਗੁਰੂਦੁਆਰਾ ਸਾਹਿਬ ਤੋਂ ਪੰਜ ਪਿਆਰਿਆਂ ਅਤੇ ਨਿਸ਼ਾਨਚੀ ਸਿੰਘਾਂ ਦੀ ਅਗਵਾਈ ਦੇ ਵਿੱਚ ਬਹੁਤ ਹੀ ਸੁਚੱਜੇ ਢੰਗ ਦੇ ਨਾਲ਼ ਅਤੇ ਸਿੱਖੀ ਪਰੰਪਰਾਵਾਂ ਤਹਿਤ ਹੋਈ। ਸਾਰੇ ਰਸਤੇ ਵਿਚ ਸੰਗਤਾਂ ਦੁਆਰਾ ਸਤਿਨਾਮ ਵਾਹਿਗੁਰੂ ਦਾ ਜਾਪ ਕੀਤਾ ਗਿਆ ਅਤੇ ਨਗਰ ਕੀਰਤਨ ਦੇ ਦੌਰਾਨ ਬੋਲੇ ਸੋ ਨਿਹਾਲ ਦੇ ਜੈਕਾਰਿਆ ਦੀ ਕਸਤੇਨੇਦਲੋ ਸ਼ਹਿਰ ਵਿੱਚ ਗੂੰਜ ਰਹੀ। ਸਾਹਿਬਜਾਦਾ ਅਜੀਤ ਸਿੰਘ, ਸਾਹਿਬਜਾਦਾ ਜੁਝਾਰ ਸਿੰਘ ਗੱਤਕਾ ਅਕੈਡਮੀ ਦੇ ਸਿੰਘਾਂ ਵੱਲੋਂ ਗੱਤਕੇ ਦੇ ਜੌਹਰ ਦਿਖਾਏ ਗਏ। ਨਗਰ ਕੀਰਤਨ ਮੌਕੇ ਸੰਗਤਾਂ ਲਈ ਅਨੇਕਾਂ ਪ੍ਰਕਾਰ ਦੇ ਲੰਗਰਾਂ ਦੇ ਸਟਾਲ ਲਗਾਏ ਗਏ।ਸਥਾਨਿਕ ਨਗਰ ਕੌਂਸਲ ਦੇ ਅਧਿਕਾਰੀਆ ਨੇ ਵੀ ਨਗਰ ਕੀਰਤਨ ਵਿੱਚ ਸ਼ਮੂਲੀਅਤ ਕੀਤੀ। ਜਿਹਨਾਂ ਸਿੱਖ ਭਾਈਚਾਰੇ ਨੂੰ ਖਾਲਸਾ ਸਾਜਨਾ ਦਿਵਸ ਮੌਕੇ ਸਜਾਏ ਜਾ ਰਹੇ ਨਗਰ ਕੀਰਤਨ ਦੀ ਵਧਾਈ ਦਿੱਤੀ।ਇਸ ਨਗਰ ਕੀਰਤਨ ਵਿੱਚ ਹੋਰਨਾਂ ਗੁਰਦੁਆਰਾ ਸਾਹਿਬ ਦੀਆ ਪ੍ਰਬੰਧਕ ਕਮੇਟੀਆਂ, ਸਿੱਖ ਸੰਸਥਾਵਾਂ ਅਤੇ ਖੇਡ ਕਲੱਬਾਂ ਦੇ ਮੈਂਬਰਾਂ ਨੇ ਵੀ ਹਾਜਰੀ ਲਵਾਈ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵਲੋਂ ਆਈਆ ਸਾਰੀਆਂ ਅਹਿਮ ਸ਼ਖਸ਼ੀਅਤਾ ਨੂੰ ਸਨਮਾਨ ਚਿੰਨ ਭੇਂਟ ਕੀਤੇ ਗਏ ਅਤੇ ਸਮੁੱਚੀਆਂ ਸੰਗਤਾਂ ਅਤੇ ਸੇਵਾਦਾਰਾਂ ਦਾ ਸਹਿਯੋਗ ਕਰਨ ਅਤੇ ਨਗਰ ਕੀਰਤਨ ਵਿੱਚ ਸ਼ਾਮਿਲ ਹੋਣ ਤੇ ਧੰਨਵਾਦ ਕੀਤਾ।



# ਮੋਟਰ ਸਪਿਰਿਟ, ਹਾਈ-ਸਪੀਡ ਡੀਜ਼ਲ ਅਤੇ ਘਰੇਲੂ ਐਲਪੀਜੀ ਦੀ ਵਿਕਰੀ ਆਮ ਵਾਂਗ ਰਹੇਗੀ: ਆਸ਼ੂਤੋਸ਼ ਗੁਪਤਾ

ਚੰਡੀਗੜ੍ਹ, 21 ਅਪ੍ਰੈਲ (ਚ.ਨ.ਸ.) : ਈਂਧਨ ਦੀ ਉਪਲਬਧਤਾ ਬਾਰੇ ਜਨਤਕ ਚਿੰਤਾਵਾਂ ਦਰਮਿਆਨ ਕਾਰਜਕਾਰੀ ਨਿਦੇਸ਼ਕ ਅਤੇ ਆਈਓਸੀਐੱਲ ਪੰਜਾਬ ਰਾਜ ਦਫਤਰ ਦੇ ਸੂਬਾਈ ਮੁਖੀ ਸ਼੍ਰੀ ਆਸ਼ੂਤੋਸ਼ ਗੁਪਤਾ, ਜੋ ਪੰਜਾਬ ਵਿੱਚ ਤੇਲ ਉਦਯੋਗ ਲਈ ਸੂਬਾ ਪੱਧਰੀ ਕੋਆਰਡੀਨੇਟਰ ਵਜੋਂ ਵੀ ਕੰਮ ਕਰਦੇ ਹਨ, ਨੇ ਮੰਗਲਵਾਰ ਨੂੰ ਇੰਡੀਅਨ ਆਇਲ ਭਵਨ, ਸੈਕਟਰ 19, ਚੰਡੀਗੜ੍ਹ ਵਿਖੇ ਇੱਕ ਪ੍ਰੈੱਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਨਾਗਰਿਕਾਂ ਨੂੰ ਭਰੋਸਾ ਦਿਵਾਇਆ ਕਿ ਸੂਬੇ ਭਰ ਵਿੱਚ ਪੈਟਰੋਲੀਅਮ ਉਤਪਾਦਾਂ ਅਤੇ ਐੱਲਪੀਜੀ ਦੀ ਸਪਲਾਈ ਟਿਕਾਊ ਅਤੇ ਢੁਕਵੀਂ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜ਼ਰੂਰੀ ਈਂਧਨ ਦੀ ਉਪਲਬਧਤਾ ਵਿੱਚ ਕੋਈ ਰੁਕਾਵਟ ਨਹੀਂ ਹੈ ਅਤੇ ਉਨ੍ਹਾਂ ਖਪਤਕਾਰਾਂ ਨੂੰ ਸ਼ਾਂਤ ਰਹਿਣ ਅਤੇ ਘਬਰਾਹਟ @ਚ ਆਉਣ ਤੋਂ ਬਚਣ ਦੀ ਅਪੀਲ ਕੀਤੀ। ਸੂਬਾ ਪੱਧਰੀ ਕੋਆਰਡੀਨੇਟਰ (ਐੱਸਐੱਲਸੀ), ਚੰਡੀਗੜ੍ਹ ਸ਼੍ਰੀ ਸੁਸ਼ਾਂਤ ਕੁਮਾਰ ਅਤੇ ਪੰਜਾਬ, ਹਿਮਾਚਲ ਪ੍ਰਦੇਸ਼, ਜੰਮੂ ਅਤੇ ਕਸ਼ਮੀਰ ਅਤੇ ਲੱਦਾਖ ਲਈ ਐੱਲਪੀਜੀ ਇੰਚਾਰਜ ਸ਼੍ਰੀ ਪਰਮੇਸ਼ਵਰ ਵੀ ਕਾਨਫ਼ਰੰਸ ਦੌਰਾਨ ਮੌਜੂਦ ਸਨ। ਆਲਮੀ ਊਰਜਾ ਬਾਜ਼ਾਰਾਂ ਨੂੰ ਪ੍ਰਭਾਵਿਤ ਕਰ ਰਹੀਆਂ ਭੂ-ਰਾਜਨੀਤਿਕ ਗਤੀਵਿਧੀਆਂ ਦੇ ਬਾਵਜੂਦ ਭਾਰਤ ਦੀ ਐੱਲਪੀਜੀ ਸਪਲਾਈ ਸਥਿਰ ਬਣੀ ਹੋਈ ਹੈ ਅਤੇ ਘਰੇਲੂ ਖਪਤਕਾਰਾਂ ਨੂੰ ਨਿਰਵਿਘਨ ਡਿਲੀਵਰੀ ਨੂੰ ਯਕੀਨੀ ਬਣਾਉਣ ਲਈ ਨੇੜਿਓਂ ਨਿਗਰਾਨੀ ਕੀਤੀ ਜਾ ਰਹੀ ਹੈ। ਘਰੇਲੂ ਐੱਲਪੀਜੀ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਗਈ ਹੈ। ਓਐੱਮਸੀਜ਼ ਨੇ ਪੰਜਾਬ ਵਿੱਚ ਘਰਾਂ ਲਈ ਨਿਰਵਿਘਨ ਐੱਲਪੀਜੀ ਸਪਲਾਈ ਬਰਕਰਾਰ ਰੱਖੀ ਹੈ, ਸਿਲੰਡਰ ਡਿਲੀਵਰੀ ਲਗਭਗ ਸੰਕਟ ਤੋਂ ਪਹਿਲਾਂ ਦੇ ਪੱਧਰਾਂ ਦੇ ਅਨੁਸਾਰ ਜਾਰੀ ਹੈ। ਗਾਹਕਾਂ ਨੂੰ ਰੀਫਿਲ ਬੁੱਕ ਕਰਨ ਲਈ ਐੱਸਐੱਮਐੱਸ ਅਤੇ ਆਈਵੀਆਰਐੱਸ ਵਰਗੇ ਡਿਜੀਟਲ ਢੰਗ-ਤਰੀਕਿਆਂ ਦੀ ਵਰਤੋਂ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਸ ਵੇਲੇ ਪੰਜਾਬ ਵਿੱਚ ਲਗਭਗ 94% ਬੁਕਿੰਗ ਡਿਜੀਟਲ ਮਾਧਿਅਮਾਂ ਰਾਹੀਂ ਪ੍ਰਾਪਤ ਹੁੰਦੀ ਹੈ, ਜਦਕਿ ਡਿਲੀਵਰੀ ਪ੍ਰਮਾਣਿਕਤਾ ਕੋਡ (ਡੀਏਸੀ) ਦੀ ਪਾਲਣਾ ਲਗਭਗ 91% ਹੈ, ਉਨ੍ਹਾਂ ਕਿਹਾ ਕਿ ਡਿਜੀਟਲ ਬੁਕਿੰਗ ਅਤੇ ਡੀਏਸੀ ਦੀ ਪਾਲਣਾ ਲਈ ਆਲ ਇੰਡੀਆ ਔਸਤ ਕ੍ਰਮਵਾਰ 95% ਅਤੇ 90% ਹੈ। ਜਦਕਿ ਸੋਸ਼ਲ ਮੀਡੀਆ @ਤੇ ਕੁਝ ਚਿੰਤਾਵਾਂ ਜਤਾਈਆਂ ਜਾ ਰਹੀਆਂ ਹਨ, ਓਐੱਮਸੀਜ਼ ਤੁਰੰਤ ਅਸਲ ਮੁੱਦਿਆਂ ਨੂੰ ਹੱਲ ਕਰ ਰਹੀਆਂ ਹਨ ਅਤੇ ਅਧਿਕਾਰਤ ਸੰਚਾਰ ਚੈਨਲਾਂ ਰਾਹੀਂ ਸਮੇਂ ਸਿਰ ਅਪਡੇਟ ਸਾਂਝੀ ਕਰ ਰਹੀਆਂ ਹਨ। ਕੁਝ ਐੱਲਪੀਜੀ ਵਿਤਰਕਾਂ ਵਲੋਂ ਕੀਤੀ ਜਾ ਰਹੀ ਦੁਰਵਰਤੋਂ ਸਬੰਧੀ ਸ਼ਿਕਾਇਤਾਂ ਨੂੰ ਵੀ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ। ਕਾਲਾਬਾਜ਼ਾਰੀ ਅਤੇ ਜਮ੍ਹਾਂਖੋਰੀ ਨੂੰ ਰੋਕਣ ਲਈ, ਸੂਬੇ ਭਰ ਵਿੱਚ ਐੱਲਪੀਜੀ ਵਿਤਰਕਾਂ ਦੀ ਅਚਨਚੇਤ ਚੈਕਿੰਗ ਕਰਨ ਲਈ ਕਈ ਕਰਾਸ-ਫੰਕਸ਼ਨਲ ਟੀਮਾਂ ਬਣਾਈਆਂ ਗਈਆਂ ਹਨ। ਉਲੰਘਣਾ ਕਰਨ ਵਾਲੇ ਵਿਤਰਕਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਗਾਹਕਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਐੱਲਪੀਜੀ ਸਿਲੰਡਰਾਂ ਦੀ ਘਬਰਾਹਟ @ਚ ਬੁਕਿੰਗ ਕਰਨ ਜਾਂ ਜਮ੍ਹਾਂਖੋਰੀ ਤੋਂ ਗੁਰੇਜ਼ ਕਰਨ ਅਤੇ ਅਫਵਾਹਾਂ @ਤੇ ਭਰੋਸਾ ਨਾ ਕਰਨ। ਉਨ੍ਹਾਂ ਨੂੰ ਪੁਖ਼ਤਾ ਜਾਣਕਾਰੀ ਲਈ ਸਿਰਫ ਅਧਿਕਾਰਤ ਸਰੋਤਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ ਜਾਂਦੀ ਹੈ। ਐੱਲਪੀਜੀ ਸਪਲਾਈ ਅਤੇ ਡਿਲੀਵਰੀ ਆਮ ਵਾਂਗ ਹੈ ਅਤੇ ਇਸਦੀ ਕੋਈ ਘਾਟ ਨਹੀਂ ਹੈ। ਖਪਤਕਾਰਾਂ ਨੂੰ ਇਹ ਵੀ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਐੱਲਪੀਜੀ ਵਿਤਰਕਾਂ ਅੱਗੇ ਬੇਲੋੜੀਆਂ ਕਤਾਰਾਂ ਵਿੱਚ ਨਾ ਲੱਗਣ।

ਮੰਗ ਨੂੰ ਹੋਰ ਸਮਰਥਨ ਦੇਣ ਲਈ, ਵਪਾਰਕ ਐੱਲਪੀਜੀ ਵੰਡ ਨੂੰ ਸੰਕਟ ਤੋਂ ਪਹਿਲਾਂ ਦੇ ਪੱਧਰ ਦੇ ਲਗਭਗ 70% ਤੱਕ ਵਧਾ ਦਿੱਤਾ ਗਿਆ ਹੈ। ਵਾਧੂ ਉਪਰਾਲਿਆਂ ਤਹਿਤ ਪ੍ਰਵਾਸੀ ਮਜ਼ਦੂਰਾਂ ਅਤੇ ਹੋਰ ਕਮਜ਼ੋਰ ਵਰਗਾਂ ਦੀ ਸਹਾਇਤਾ ਲਈ 5 ਕਿਲੋਗ੍ਰਾਮ ਫ੍ਰੀ ਟ੍ਰੇਡ ਐੱਲਪੀਜੀ (ਐੱਫਟੀਐੱਲ) ਸਿਲੰਡਰਾਂ ਦੀ ਵੰਡ ਨੂੰ ਦੁੱਗਣਾ ਕਰਨਾ ਸ਼ਾਮਲ ਹੈ।

ਤੇਲ ਮਾਰਕਿਟਿੰਗ ਕੰਪਨੀਆਂ ਨੇ ਨਿਰਵਿਘਨ ਐੱਲਪੀਜੀ ਉਪਲਬਧਤਾ ਨੂੰ ਯਕੀਨੀ ਬਣਾਉਣ, ਵੰਡ ਵਿੱਚ ਪਾਰਦਰਸ਼ਤਾ ਬਣਾਈ ਰੱਖਣ ਅਤੇ ਗਲਤ ਗਤੀਵਿਧੀਆਂ ਵਿਰੁੱਧ ਸਖ਼ਤ ਕਦਮ ਚੁੱਕਣ ਲਈ ਆਪਣੀ ਵਚਨਬੱਧਤਾ ਦੀ ਪੁਸ਼ਟੀ ਕੀਤੀ ਹੈ।

# ਪੰਜਾਬ ਰਾਜ ਲਾਟਰੀ ਦਾ ਪਹਿਲਾ ਇਨਾਮ ਦਿੱਲੀ ਵਾਸੀ ਦਾ ਨਿਕਲਿਆ

ਲੁਧਿਆਣਾ, 21 ਅਪ੍ਰੈਲ (ਚ.ਨ.ਸ.) : ਡਾਇਰੈਕਟੋਰੇਟ ਆਫ ਪੰਜਾਬ ਰਾਜ ਲਾਟਰੀਜ਼ ਵਲੋਂ ਮਿਤੀ 18.04.2026 ਨੂੰ ਪੰਜਾਬ ਸਟੇਟ ਡੀਅਰ ਵਿਸਾਖੀ ਬੰਪਰ ਲਾਟਰੀ ਸਕੀਮ ਦਾ ਡਰਾਅ ਲੁਧਿਆਣਾ ਵਿਖੇ ਕੱਢਿਆ ਗਿਆ। ਇਸ ਸਕੀਮ ਵਿਚ 6 ਕਰੋੜ ਰੁਪਏ ਦਾ ਪਹਿਲਾ ਇਨਾਮ ਵਿਕੀਆਂ ਹੋਈਆਂ ਟਿਕਟਾਂ ਵਿੱਚੋਂ ਹੀ ਕੱਢੇ ਜਾਣ ਦੀ ਗਰੰਟੀ ਦਿੱਤੀ ਗਈ ਸੀ।



ਇਸ ਡਰਾਅ ਵਿੱਚ 6 ਕਰੋੜ ਦਾ ਇਨਾਮ ਸ਼੍ਰੀ ਓਮ ਪ੍ਰਕਾਸ਼ ਕਾਂਤ ਪੁੱਤਰ ਸ਼੍ਰੀ ਰੂਪ ਲਾਲ, ਵਾਸੀ ਵੈਸਟ ਦਿੱਲੀ ਦਾ ਨਿਕਲਿਆ ਹੈ। ਇਨਾਮੀ ਵਿਜੇਤਾ ਡਾਕਘਰ ਵਿਭਾਗ, ਦਿੱਲੀ ਤੋਂ ਰਿਟਾਇਰਡ ਹਨ। ਇਨਾਮ ਜੇਤੂ ਦੁਆਰਾ ਮਿਤੀ 21.04.2026 ਨੂੰ ਦਫਤਰ ਵਿਖੇ ਆ ਕੇ ਇਨਾਮ ਦਾ ਕਲੇਮ ਫਾਰਮ ਜਮ੍ਹਾਂ ਕਰਵਾਇਆ ਗਿਆ ਅਤੇ ਕਿਹਾ ਗਿਆ ਕਿ ਇਸ ਇਨਾਮੀ ਰਾਸ਼ੀ ਦੀ ਵਰਤੋਂ ਉਹ ਆਪਣੇ ਨਿੱਜੀ ਕੰਮਾਂ ਲਈ ਕਰਨਗੇ। ਇਨਾਮ ਜੇਤੂ ਨੇ ਖੁਸ਼ੀ ਪ੍ਰਗਟਾਉਂਦੇ ਹੋਏ ਕਿਹਾ ਹੈ ਕਿ ਪੰਜਾਬ ਰਾਜ ਲਾਟਰੀਜ਼ ਵੱਲੋਂ ਡਰਾਅ ਪੂਰੀ ਪਾਰਦਰਸ਼ਤਾ ਨਾਲ ਕੱਢੇ ਜਾਂਦੇ ਹਨ, ਇਸ ਲਈ ਆਮ ਜਨਤਾ ਵਿਚ ਪੰਜਾਬ ਰਾਜ ਲਾਟਰੀਜ਼ ਵਲੋਂ ਚਲਾਈਆਂ ਜਾ ਰਹੀਆਂ ਲਾਟਰੀ ਸਕੀਮਾਂ ਦਾ ਬਹੁਤ ਉਤਸ਼ਾਹ ਹੈ।

ਭਵਿੱਖ ਵਿੱਚ ਵਿਭਾਗ ਦੁਆਰਾ ਪੰਜਾਬ ਸਟੇਟ ਡੀਅਰ ਸਮਰ ਸਪੈਸ਼ਲ ਬੰਪਰ ਬੰਪਰ -2026 ਦਾ ਡਰਾਅ ਮਿਤੀ 13.06.2026 ਨੂੰ ਕੱਢਿਆ ਜਾਣਾ ਹੈ, ਜਿਸ ਵਿੱਚ 3 ਕਰੋੜ ਦਾ ਪਹਿਲਾ ਇਨਾਮ ਗਰੰਟਿਡ (ਵਿਕੀਆਂ ਹੋਈਆ ਟਿਕਟਾਂ ਵਿੱਚੋ) ਕੱਢਿਆ ਜਾਵੇਗਾ ਅਤੇ ਹੋਰ ਵੀ ਕਰੋੜਾਂ ਰੁਪਏ ਦੇ ਇਨਾਮ ਕੱਢੇ ਜਾਣੇ ਹਨ।

# ਯੋਗਾ, ਆਯੁਰਵੇਦ ਅਤੇ ਕੁਦਰਤੀ ਇਲਾਜ ਨਾਲ ਇਲਾਜ ਨੇ ਸਮੁੱਚੀ ਸਿਹਤ 'ਤੇ ਸਕਾਰਾਤਮਕ ਪ੍ਰਭਾਵ ਦਿਖਾਏ: ਆਚਾਰੀਆ ਬਾਲਕ੍ਰਿਸ਼ਨ

ਹਰਿਦੁਆਰ, 21 ਅਪ੍ਰੈਲ (ਅੰਮ੍ਰਿਤਪਾਲ ਸਿੰਘ) : ਪਤੰਜਲੀ ਦੇ ਵਿਗਿਆਨੀਆਂ ਦੁਆਰਾ ਸ਼ੂਗਰ ਦੇ ਇਲਾਜ @ਤੇ ਕੀਤੀ ਗਈ ਖੋਜ ਨੇ ਇੱਕ ਕ੍ਰਾਂਤੀ ਲਿਆ ਦਿੱਤੀ ਹੈ, ਜਿਸ ਨਾਲ ਇਨਸੁਲਿਨ ਥੈਰੇਪੀ ਪ੍ਰਤੀ ਰਵੱਈਏ ਵਿੱਚ ਇੱਕ ਵਿਸ਼ਵਵਿਆਪੀ ਤਬਦੀਲੀ ਆਈ ਹੈ, ਜੋ ਕਿ ਟਾਈਪ 1 ਸ਼ੂਗਰ ਦੇ ਇਲਾਜ ਦਾ ਲੰਬੇ ਸਮੇਂ ਤੋਂ ਮੁੱਖ ਆਧਾਰ ਹੈ। ਫਰੰਟੀਅਰਜ਼ ਇਨ ਕਲੀਨਿਕਲ ਡਾਇਬਟੀਜ਼ ਐਂਡ ਹੈਲਥਕੇਅਰ, ਇੱਕ ਅੰਤਰਰਾਸ਼ਟਰੀ ਖੋਜ ਸੰਸਥਾ, ਦੀ ਖੋਜ ਨੇ ਸਾਬਤ ਕੀਤਾ ਹੈ ਕਿ ਸ਼ੂਗਰ ਨੂੰ ਸਿਰਫ਼ ਇਨਸੁਲਿਨ ਰਾਹੀਂ ਹੀ ਨਹੀਂ ਸਗੋਂ ਸੰਪੂਰਨ ਇਲਾਜ ਰਾਹੀਂ ਵੀ ਹਰਾਇਆ ਜਾ ਸਕਦਾ ਹੈ, ਜਿਸ ਲਈ ਯੋਗਾ, ਪ੍ਰਾਣਾਯਾਮ, ਧਿਆਨ, ਸੰਤੁਲਿਤ ਖੁਰਾਕ, ਜੀਵਨ ਸ਼ੈਲੀ ਵਿੱਚ ਸੋਧਾਂ ਅਤੇ ਰਵਾਇਤੀ ਡਾਕਟਰੀ ਅਭਿਆਸਾਂ ਨੂੰ ਅਪਣਾਉਣ ਦੀ ਲੋੜ ਹੁੰਦੀ ਹੈ। ਇਹ ਖੋਜ ਇਸ ਅਪ੍ਰੈਲ ਵਿੱਚ ਪ੍ਰਕਾਸ਼ਿਤ ਹੋਈ ਸੀ। ਖੋਜ ਨੇ ਇਹ ਵੀ ਦਿਖਾਇਆ ਹੈ ਕਿ ਯੋਗਾ ਅਤੇ ਪ੍ਰਾਣਾਯਾਮ ਅਭਿਆਸਾਂ ਨੂੰ ਅਪਣਾਉਣ ਨਾਲ ਮਰੀਜ਼ਾਂ ਦੇ ਸ਼ੂਗਰ ਕੰਟਰੋਲ, ਤਣਾਅ ਦੇ ਪੱਧਰ ਅਤੇ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਹੋਇਆ ਹੈ। ਅਧਿਐਨ ਨੇ ਲਗਭਗ 612 ਖੋਜ ਪੱਤਰਾਂ ਦਾ ਵਿਸ਼ਲੇਸ਼ਣ ਕੀਤਾ।



ਇਸ ਖੋਜ ਦੀ ਅਗਵਾਈ ਪਤੰਜਲੀ ਯੋਗਪੀਠ ਦੇ ਜਨਰਲ ਸਕੱਤਰ ਆਚਾਰੀਆ ਬਾਲਕ੍ਰਿਸ਼ਨ ਨੇ ਕੀਤੀ। ਇਸ ਖੋਜ ਨੇ ਇਹ ਵੀ ਪੁਸ਼ਟੀ ਕੀਤੀ ਕਿ ਪਤੰਜਲੀ ਤੰਦਰੁਸਤੀ ਦਾ ਇੱਕ ਮਾਡਲ ਹੈ ਜਿਸ ਤੋਂ ਲੱਖਾਂ ਮਰੀਜ਼ ਪਹਿਲਾਂ ਹੀ ਲਾਭ ਉਠਾ ਰਹੇ ਹਨ, ਅਤੇ ਹੁਣ ਵਿਗਿਆਨ ਵੀ ਇਸਦੀ ਕੀਮਤ ਨੂੰ ਪਛਾਣ ਰਿਹਾ ਹੈ। ਟਾਈਪ 1 ਡਾਇਬਟੀਜ਼ ਮਲੇਟਸ , ਜਿਸਨੂੰ ਪਹਿਲਾਂ ਕਿਸ਼ੋਰ ਸ਼ੂਗਰ ਵਜੋਂ ਜਾਣਿਆ ਜਾਂਦਾ ਸੀ, ਇੱਕ ਪੁਰਾਣੀ ਜੀਵਨ ਸ਼ੈਲੀ ਨਾਲ ਸਬੰਧਤ ਬਿਮਾਰੀ ਹੈ। ਇਸ ਬਿਮਾਰੀ ਵਿੱਚ, ਪੈਨਕ੍ਰੀਅਸ ਦੇ ਇਨਸੁਲਿਨ ਪੈਦਾ ਕਰਨ ਵਾਲੇ ਥ-ਸੈੱਲ ਨਸ਼ਟ ਹੋ ਜਾਂਦੇ ਹਨ, ਜਿਸ ਨਾਲ ਸਰੀਰ ਵਿੱਚ ਇਨਸੁਲਿਨ ਦੀ ਪੂਰੀ ਘਾਟ ਹੋ ਜਾਂਦੀ ਹੈ ਅਤੇ ਖੂਨ ਵਿੱਚ ਗਲੂਕੋਜ਼ ਦਾ ਪੱਧਰ ਬੇਕਾਬੂ ਹੋ ਜਾਂਦਾ ਹੈ। ਕੁਝ ਮਾਮਲਿਆਂ ਵਿੱਚ, ਪੈਨਕ੍ਰੀਅਸ ਆਟੋਐਂਟੀਬਾਡੀਜ਼ ਥੋੜ੍ਹੀ ਮਾਤਰਾ ਵਿੱਚ ਪਾਏ ਜਾਂਦੇ ਹਨ, ਜਿਸ ਕਾਰਨ ਇਸਨੂੰ ਇਡੀਓਪੈਥਿਕ ("1☆) ਸ਼ੂਗਰ ਵੀ ਕਿਹਾ ਜਾਂਦਾ ਹੈ। TADM ਵਾਲੇ ਦੁਨੀਆ ਭਰ ਵਿੱਚ ਪੰਜ ਵਿੱਚੋਂ ਇੱਕ ਬੱਚਾ ਭਾਰਤੀ ਮੂਲ ਦਾ ਹੈ। ਇਹ ਬਿਮਾਰੀ ਆਮ ਤੌਰ 'ਤੇ ਬਚਪਨ ਜਾਂ ਕਿਸ਼ੋਰ ਅਵਸਥਾ ਵਿੱਚ ਸ਼ੁਰੂ ਹੁੰਦੀ ਹੈ, ਪਰ ਬਾਲਗਾਂ ਵਿੱਚ ਵੀ ਹੋ ਸਕਦੀ ਹੈ, ਜਿਸਦੇ ਲੱਛਣ ਹੌਲੀ-ਹੌਲੀ ਅਤੇ ਹਲਕੇ ਹੁੰਦੇ ਹਨ।

# ਰਾਸ਼ਟਰਪਤੀ ਨੇ ਨਿਰਮਲ ਮੁੰਡਾ ਪਰਵੇਸ਼ ਮਾਰਗ, ਕਬਾਇਲੀ ਅਜਾਇਬ ਘਰ ਅਤੇ ਕੰਟਰੋਲ ਕੇਂਦਰ ਦਾ ਕੀਤਾ ਉਦਘਾਟਨ

ਨਵੀਂ ਦਿੱਲੀ, 21 ਅਪ੍ਰੈਲ (ਅੰਮ੍ਰਿਤਪਾਲ ਸਿੰਘ) : ਭਾਰਤ ਦੇ ਰਾਸ਼ਟਰਪਤੀ, ਸ਼੍ਰੀਮਤੀ ਦ੍ਰੋਪਦੀ ਮੁਰਮੂ ਨੇ ਅੱਜ (21 ਅਪ੍ਰੈਲ, 2026) ਓਡੀਸ਼ਾ ਦੇ ਰੁੜਕੇਲਾ ਵਿਖੇ ਆਯੋਜਿਤ ਇੱਕ ਜਨਤਕ ਸਮਾਗਮ ਵਿੱਚ ਪਲੈਨੇਟੇਰੀਅਮ ਅਤੇ ਵਿਗਿਆਨ ਕੇਂਦਰ, ਅਤੇ ਨਿਰਮਲ ਮੁੰਡਾ ਪਰਵੇਸ਼ ਮਾਰਗ ਦਾ ਉਦਘਾਟਨ ਕੀਤਾ। ਬਾਅਦ ਵਿੱਚ, ਰਾਸ਼ਟਰਪਤੀ ਨੇ ਰੁੜਕੇਲਾ ਵਿਖੇ ਕਬਾਇਲੀ ਅਜਾਇਬ ਘਰ ਅਤੇ ਏਕੀਕ੍ਰਿਤ ਕਮਾਂਡ ਅਤੇ ਕੰਟਰੋਲ ਕੇਂਦਰ ਦਾ ਵੀ ਉਦਘਾਟਨ ਕੀਤਾ। ਜਨਤਕ ਸਮਾਗਮ ਵਿੱਚ ਬੋਲਦਿਆਂ, ਰਾਸ਼ਟਰਪਤੀ ਨੇ ਕਿਹਾ ਕਿ ਸੁੰਦਰਗੜ੍ਹ ਦੀ ਕੁਦਰਤੀ ਸੁੰਦਰਤਾ, ਲੋਕ ਸੱਭਿਆਚਾਰ ਅਤੇ ਵਿਰਾਸਤ ਇੱਕ ਆਕਰਸ਼ਕ ਸੁਹਜ ਰੱਖਦੀ ਹੈ। ਇਸਦੇ ਸੰਘਣੇ ਜੰਗਲਾਂ, ਪਹਾੜਾਂ, ਝਰਨਿਆਂ ਅਤੇ ਨਦੀਆਂ ਦਾ ਆਕਰਸ਼ਣ ਬੇਅੰਤ ਹੈ। ਸੁੰਦਰਗੜ੍ਹ ਦੀ ਕਲਾ ਅਤੇ ਸੱਭਿਆਚਾਰ ਨੇ ਓਡੀਸ਼ਾ ਦੀ



ਸੱਭਿਆਚਾਰਕ ਭਰਪੂਰਤਾ ਨੂੰ ਹੋਰ ਅਮੀਰ ਬਣਾਇਆ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸੁੰਦਰਗੜ੍ਹ ਬਹਾਦਰ ਵਿਅਕਤੀਆਂ ਅਤੇ ਖੇਡ ਪ੍ਰੇਮੀਆਂ ਦੀ ਧਰਤੀ ਵੀ ਹੈ। ਰਾਸ਼ਟਰਪਤੀ ਨੇ ਕਿਹਾ ਕਿ ਓਡੀਸ਼ਾ ਸਮੇਤ ਭਾਰਤ ਦੇ ਵੱਖ-ਵੱਖ ਖੇਤਰਾਂ ਦੇ ਲੋਕ ਰੁੜਕੇਲਾ ਵਿੱਚ ਰੁਜ਼ਗਾਰ ਅਤੇ ਰੋਜ਼ੀ-ਰੋਟੀ ਦੇ ਉਦੇਸ਼ਾਂ ਲਈ ਰਹਿੰਦੇ ਹਨ। ਇਸ ਵਿਸ਼ਵਵਿਆਪੀ ਸ਼ਹਿਰ ਨੇ ਓਡੀਸ਼ਾ ਦੀ ਕਲਾ, ਸਾਹਿਤ, ਸੱਭਿਆਚਾਰ, ਆਦਿਵਾਸੀ ਪਰੰਪਰਾਵਾਂ ਅਤੇ ਖੇਡਾਂ ਨੂੰ ਉਤਸ਼ਾਹਿਤ ਕਰਨ ਵਿੱਚ ਮੋਹਰੀ ਭੂਮਿਕਾ ਨਿਭਾਈ ਹੈ। ਰਾਸ਼ਟਰਪਤੀ ਨੇ ਕਿਹਾ ਕਿ ਰਾਸ਼ਟਰ ਦਾ ਵਿਕਾਸ ਸਮਾਜ ਦੇ ਹਰ ਵਰਗ ਦੇ ਵਿਕਾਸ ਦੁਆਰਾ ਹੀ ਸੰਭਵ ਹੈ। ਇਸ ਮਾਨਸਿਕਤਾ ਨੂੰ ਲੈ ਕੇ, ਕੇਂਦਰ ਅਤੇ ਰਾਜ ਸਰਕਾਰਾਂ ਆਦਿਵਾਸੀ ਭਲਾਈ ਲਈ ਵੱਖ-ਵੱਖ ਯੋਜਨਾਵਾਂ @ਤੇ ਸਰਗਰਮੀ ਨਾਲ ਕੰਮ ਕਰ ਰਹੀਆਂ ਹਨ। ਇਹ ਸੁੰਦਰਗੜ੍ਹ ਵਰਗੇ ਆਦਿਵਾਸੀ-ਪ੍ਰਭਾਵਸ਼ਾਲੀ ਜ਼ਿਲ੍ਹਿਆਂ ਵਿੱਚ ਵਿਕਾਸ ਪ੍ਰਕਿਰਿਆ ਨੂੰ ਤੇਜ਼ ਕਰ ਰਿਹਾ ਹੈ, ਜਦੋਂ ਕਿ ਆਦਿਵਾਸੀ ਭਾਈਚਾਰਿਆਂ ਦੇ ਮੈਂਬਰਾਂ ਦੇ ਆਰਥਿਕ ਉੱਨਤੀ ਨੂੰ ਤਰਜੀਹ ਦੇ ਰਿਹਾ ਹੈ। ਰਾਸ਼ਟਰਪਤੀ ਨੇ ਲੋਕਾਂ ਨੂੰ ਦੇਸ਼ ਦੇ ਵਿਕਾਸ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਦੀ ਸਲਾਹ ਦਿੱਤੀ। ਉਸਨੇ ਉਨ੍ਹਾਂ ਨੂੰ ਅੱਗੇ ਵਧਣ ਦੀ ਸਲਾਹ ਦਿੱਤੀ ਅਤੇ ਅੱਗੇ ਵਧਣ ਵਿੱਚ ਦੂਜਿਆਂ ਦੀ ਸਹਾਇਤਾ ਲਈ ਮਦਦ ਦਾ ਹੱਥ ਵੀ ਵਧਾਇਆ। ਉਸਨੇ ਉਨ੍ਹਾਂ ਨੂੰ ਚੰਗੇ ਇਨਸਾਨ ਬਣਨ ਅਤੇ ਪਿੱਛੇ ਰਹਿ ਗਏ ਲੋਕਾਂ ਨੂੰ ਉੱਚਾ ਚੁੱਕਣ ਲਈ ਯਤਨਸ਼ੀਲ ਰਹਿਣ ਦੀ ਅਪੀਲ ਕੀਤੀ। ਰਾਸ਼ਟਰਪਤੀ ਨੇ ਕਿਹਾ ਕਿ ਸਾਡਾ ਦੇਸ਼ 2047 ਵਿੱਚ ਸਾਡੀ ਆਜ਼ਾਦੀ ਦੇ ਸ਼ਤਾਬਦੀ ਸਾਲ ਤੱਕ ਵਿਕਾਸ ਭਾਰਤ ਬਣਨ ਵੱਲ ਤੇਜ਼ੀ ਨਾਲ ਵਧ ਰਿਹਾ ਹੈ। ਇਸੇ ਤਰ੍ਹਾਂ, 2036 ਵਿੱਚ ਓਡੀਸ਼ਾ ਰਾਜ ਦੇ ਗਠਨ ਦੇ ਸੌ ਸਾਲ ਪੂਰੇ ਹੋਣਗੇ। ਵਿਕਾਸ ਓਡੀਸ਼ਾ ਅਤੇ ਵਿਕਾਸ ਭਾਰਤ ਬਣਾਉਣ ਲਈ, ਸਰਵਪੱਖੀ ਵਿਕਾਸ ਅਤੇ ਸਮਾਜ ਦੇ ਹਰ ਵਰਗ ਦੇ ਲੋਕਾਂ ਦੀ ਭਾਗੀਦਾਰੀ ਜ਼ਰੂਰੀ ਹੈ। ਵਿਕਾਸ ਭਾਰਤ ਦੀ ਸਿਰਜਣਾ ਦੇਸ਼ ਦੇ ਕਿਸਾਨਾਂ, ਮਜ਼ਦੂਰਾਂ, ਆਦਿਵਾਸੀ ਭਾਈਚਾਰਿਆਂ, ਹਾਸ਼ੀਏ @ਤੇ ਧੱਕੇ ਗਏ ਵਰਗਾਂ, ਬੁੱਧੀਜੀਵੀਆਂ, ਨੌਜਵਾਨਾਂ ਅਤੇ ਵਿਦਿਆਰਥੀਆਂ ਦੇ ਨਾਲ-ਨਾਲ ਸ਼ਹਿਰੀ ਅਤੇ ਪੇਂਡੂ ਆਬਾਦੀ ਦੇ ਸਮੂਹਿਕ ਯਤਨਾਂ ਅਤੇ ਸਮਰਪਣ ਦੁਆਰਾ ਹੀ ਸੰਭਵ ਹੋਵੇਗੀ।

# ਅਲਬਰਟਾ 'ਚ ਹੁਣ ਨਹੀਂ ਹੋਵੇਗੀ ਸਮਾਂ ਬਦਲਣ ਵਿੱਚ ਤਬਦੀਲੀ

ਕੈਲਗਰੀ, 21 ਅਪ੍ਰੈਲ (ਚ.ਨ.ਸ.) : ਅਲਬਰਟਾ ਸੂਬੇ ਦੀ ਪ੍ਰੀਮੀਅਰ ਡੈਨੀਅਲ ਸਮਿੱਥ ਨੇ ਅੱਜ ਇਕ ਵੱਡਾ ਐਲਾਨ ਕਰਦਿਆਂ ਕਿਹਾ ਹੈ ਕਿ ਸੂਬਾ ਹੁਣ ਸਾਰਾ ਸਾਲ 'ਡੇ-ਲਾਈਟ ਸੇਵਿੰਗ ਟਾਈਮ' 'ਤੇ ਹੀ ਰਹੇਗਾ। ਇਸ ਦਾ ਮਤਲਬ ਹੈ ਕਿ ਹੁਣ ਅਲਬਰਟਾ ਵਾਸੀਆਂ ਨੂੰ ਸਾਲ ਵਿਚ ਦੋ ਵਾਰ ਘੜੀਆਂ ਬਦਲਣ ਦੀ ਲੋੜ ਨਹੀਂ ਪਵੇਗੀ। ਹੁਣ ਨਵੰਬਰ 2026 ਵਿਚ ਅਲਬਰਟਾ ਦੇ ਲੋਕ ਆਪਣੀਆਂ ਘੜੀਆਂ ਪਿਛੇ ਨਹੀਂ ਕਰਨਗੇ। ਜੋ ਸਮਾਂ ਹੁਣ ਚੱਲ ਰਿਹਾ ਹੈ, ਉਹ ਹੀ ਪੱਕਾ ਹੋ ਜਾਵੇਗਾ। ਇਹ ਫ਼ੈਸਲਾ ਬ੍ਰਿਟਿਸ਼ ਕੋਲੰਬੀਆ ਅਤੇ ਸਸਕੈਚਵਨ ਦੇ ਨਿਯਮਾਂ ਨਾਲ ਮੇਲ ਖਾਂਦਾ ਹੈ, ਜਿਸ ਨਾਲ ਪੱਛਮੀ ਕੈਨੇਡਾ ਵਿਚ ਕਾਰੋਬਾਰ ਅਤੇ ਆਵਾਜਾਈ ਵਿਚ ਆਸਾਨੀ ਹੋਵੇਗੀ।

# ਸਰੀ ਦੇ ਵਿਸਾਖੀ ਨਗਰ ਕੀਰਤਨ ਵਿੱਚ ਲੱਖਾਂ ਲੋਕਾਂ ਨੇ ਹਾਜ਼ਰੀ ਭਰੀ

ਸਰੀ, 21 ਅਪ੍ਰੈਲ (ਸਰਿਤਾ ਸ਼ਰਮਾ, ਰਵੀ ਕਾਂਤ ਸ਼ਰਮਾ)-ਕੈਨੇਡਾ ਦੇ ਸ਼ਹਿਰ ਸਰੀ ਦੀਆਂ ਸੜਕਾਂ ਉਸ ਵੇਲੇ 'ਬੋਲੇ ਸੋ ਨਿਹਾਲ' ਦੇ ਜੈਕਾਰਿਆਂ ਨਾਲ ਗੂੰਜ ਉੱਠੀਆਂ, ਜਦੋਂ ਗੁਰਦੁਆਰਾ ਦਸ਼ਮੇਸ਼ ਦਰਬਾਰ ਸਰੀ ਵੱਲੋਂ ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੇ ਪਵਿੱਤਰ ਦਿਹਾੜੇ ਨੂੰ ਸਮਰਪਿਤ ਸਾਲਾਨਾ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਸ਼ਰਧਾ, ਸਤਿਕਾਰ ਅਤੇ ਖਾਲਸਾਈ ਜਾਹੋ-ਜਲਾਲ ਦੇ ਇਸ ਸੰਗਮ ਵਿਚ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਨੇ ਸ਼ਮੂਲੀਅਤ ਕੀਤੀ, ਜਿਸ ਵਿਚ ਨੌਜਵਾਨਾਂ, ਬੱਚਿਆਂ ਅਤੇ ਬਜ਼ੁਰਗਾਂ ਦਾ ਉਤਸ਼ਾਹ ਦੇਖਣਯੋਗ ਸੀ। ਵੱਖ- ਵੱਖ ਏਜੰਸੀਆਂ ਤੇ ਮੀਡੀਆ ਅਦਾਰਿਆਂ ਵਲੋਂ ਆਪਣੀਆਂ ਰਿਪੋਰਟਾਂ ਵਿਚ 4 ਤੋਂ 5 ਲੱਖ ਤੱਕ ਦਾ ਇਕੱਠ ਹੋਣ ਦਾ ਜ਼ਿਕਰ ਕੀਤਾ ਗਿਆ। ਇਸ ਅਲੌਕਿਕ ਨਗਰ ਕੀਰਤਨ ਦੀ ਸ਼ੁਰੂਆਤ ਗੁਰਦੁਆਰਾ ਦਸ਼ਮੇਸ਼ ਦਰਬਾਰ ਤੋਂ ਸਵੇਰੇ 8 ਵਜੇ ਅਰਦਾਸ ਉਪਰੰਤ ਹੋਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਇਹ ਕਾਫ਼ਲਾ 128 ਸਟਰੀਟ, 82 ਐਵੀਨਿਊ ਤੋਂ 124 ਸਟਰੀਟ ਅਤੇ 76 ਐਵੀਨਿਊ ਹੁੰਦਾ ਹੋਇਆ ਸ਼ਾਮ ਨੂੰ ਵਾਪਸ ਗੁਰਦੁਆਰਾ ਸਾਹਿਬ ਵਿਖੇ ਸੰਪੂਰਨ ਹੋਇਆ। ਪੂਰੇ ਰੂਟ 'ਤੇ ਸੰਗਤਾਂ ਦਾ ਹੜ੍ਹ ਆਇਆ ਹੋਇਆ ਸੀ। ਵੱਖ-ਵੱਖ ਪੰਜਾਬੀ ਸਕੂਲਾਂ ਦੇ ਵਿਦਿਆਰਥੀ ਸ਼ਬਦ ਕੀਰਤਨ ਰਾਹੀਂ ਇਲਾਹੀ ਬਾਣੀ ਦਾ ਪ੍ਰਵਾਹ ਚਲਾ ਰਹੇ ਸਨ, ਜਦਕਿ ਗਤਕਾ ਅਖਾੜਿਆਂ ਦੇ ਸਿੰਘਾਂ ਨੇ ਜੰਗਜੂ ਕਲਾ ਦੇ ਜੌਹਰ ਦਿਖਾ ਕੇ ਸਭ ਨੂੰ ਹੈਰਾਨ ਕਰ ਦਿੱਤਾ। ਸਰੀ ਦੀਆਂ ਸੜਕਾਂ 'ਤੇ ਅੱਜ ਪੰਜਾਬੀ ਸੱਭਿਆਚਾਰ ਅਤੇ ਸਿੱਖੀ ਦੀ 'ਵੰਡ ਛਕਣ' ਦੀ ਪ੍ਰੰਪਰਾ ਸਾਫ਼ ਝਲਕ ਰਹੀ ਸੀ। ਪੂਰੇ ਰੂਟ ਉੱਪਰ ਸਥਾਨਕ ਕਾਰੋਬਾਰੀਆਂ ਅਤੇ ਸ਼ਰਧਾਲੂਆਂ ਵੱਲੋਂ ਅਣਗਿਣਤ ਲੰਗਰ ਲਾਏ ਗਏ ਸਨ। ਜਲੇਬੀਆਂ, ਛੋਲੇ-ਭਟੂਰੇ, ਫਲ, ਜੂਸ ਅਤੇ ਵੱਖ-ਵੱਖ ਪਕਵਾਨਾਂ ਦਾ ਸੁਆਦ ਸੰਗਤਾਂ ਵੱਲੋਂ ਬੜੇ ਪ੍ਰੇਮ ਨਾਲ ਮਾਣਿਆ ਗਿਆ।

ਪ੍ਰਮੁੱਖ ਰੇਡੀਓ ਸਟੇਸ਼ਨਾਂ, ਟੀ.ਵੀ. ਚੈਨਲਾਂ ਤੇ ਵੱਖ ਵੱਖ ਸਮਾਜ ਸੇਵੀ ਸੰਸਥਾਵਾਂ ਵੱਲੋਂ ਵਿਸ਼ੇਸ਼ ਸਟੇਜਾਂ ਸਜਾਈਆਂ ਗਈਆਂ ਸਨ, ਜਿੱਥੇ ਢਾਡੀ ਵਾਰਾਂ ਰਾਹੀਂ ਸਿੱਖ ਇਤਿਹਾਸ ਨੂੰ ਤਾਜ਼ਾ ਕੀਤਾ ਗਿਆ ਅਤੇ ਵੱਖ-ਵੱਖ ਰਾਜਸੀ ਤੇ ਧਾਰਮਿਕ ਆਗੂਆਂ ਨੇ ਸੰਬੋਧਨ ਕੀਤਾ। ਪੰਜਾਬ ਯੂਨੀਵਰਸਿਟੀ ਚੰਡੀਗੜ ਅਲੂਮਨੀ ਐਸੋਸੀਏਸ਼ਨ ਤੇ ਕੋਹੇਨੂਰ ਕਲਚਰਲ ਕਲੱਬ ਦੀਆਂ ਸਟੇਜਾਂ ਤੋਂ ਨੌਜਵਾਨਾਂ ਤੇ ਕਈ ਪ੍ਰਮੁੱਖ ਸ਼ਖਸੀਅਤਾਂ ਨੂੰ ਦਸਤਾਰਾਂ ਸਜਾਈਆਂ ਗਈਆਂ। ਨਗਰ ਕੀਰਤਨ ਦੌਰਾਨ ਬ੍ਰਿਟਿਸ਼ ਕੋਲੰਬੀਆ (ਬੀ.ਸੀ.) ਦੀਆਂ ਕਈ ਪ੍ਰਮੁੱਖ ਰਾਜਸੀ ਸ਼ਖਸੀਅਤਾਂ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲੁਆਈ ਅਤੇ ਸਿੱਖ ਸੰਗਤਾਂ ਨੂੰ ਵਿਸਾਖੀ ਦੀ ਮੁਬਾਰਕਬਾਦ ਦਿੱਤੀ। ਬੀ.ਸੀ. ਦੇ ਪ੍ਰੀਮੀਅਰ ਡੇਵਿਡ ਈਬੀ ਨੇ ਸੰਗਤ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਸਿੱਖ ਭਾਈਚਾਰੇ ਦੇ ਕੈਨੇਡਾ ਦੀ ਤਰੱਕੀ ਵਿੱਚ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ।

ਫੈਡਰਲ ਸਰਕਾਰ ਦੇ ਨੁਮਾਇੰਦੇ ਵਜੋਂ ਮੈਂਬਰ ਪਾਰਲੀਮੈਂਟ ਸੁਖ ਧਾਲੀਵਾਲ, ਰਣਦੀਪ ਸਿੰਘ ਸਰਾਏ, ਐਮ ਪੀ ਗੁਰਬਖਸ਼ ਸਿੰਘ ਸੈਣੀ, ਐਮ ਪੀ ਸੁਖਮਨ ਗਿੱਲ, ਐਡਮਿੰਟਨ ਤੋਂ ਐਮ ਪੀ ਟਿਮ ਉਪਲ, ਐਮ ਪੀ ਜਗਸ਼ਰਨ ਸਿੰਘ ਮਾਹਲ, ਕੈਲਗਰੀ ਤੋਂ ਐਮ ਪੀ ਜਸਰਾਜ ਸਿੰਘ ਹੱਲਣ, ਐਮ ਪੀ ਅਮਨਪ੍ਰੀਤ ਸਿੰਘ ਗਿੱਲ, ਐਮ ਪੀ ਦਲਵਿੰਦਰ ਸਿੰਘ ਗਿੱਲ, ਬੀ ਸੀ ਦੇ ਪ੍ਰੀਮੀਅਰ ਡੇਵਿਡ ਈਬੀ ਤੇ ਹੋਰ ਕੈਬਨਿਟ ਮੰਤਰੀਆਂ ਤੇ ਐਮ ਐਲ ਏਜ ਜਿਹਨਾਂ ਵਿਚ ਟਰੈਵਰ ਹੈਲਫੋਰਡ, ਮਨਦੀਪ ਸਿੰਘ ਧਾਲੀਵਾਲ, ਸਟੀਵ ਕੂਨਰ, ਬਰਾਇਨ ਟੈਪਰ ਪ੍ਰਮੁੱਖ ਸਨ ਨੇ ਵੀ ਵੱਖ ਵੱਖ ਸਟੇਜਾਂ ਉੱਪਰ ਆਪਣੇ ਸੰਬੋਧਨ ਰਾਹੀਂ ਖਾਲਸਾ ਸਾਜਨਾ ਦਿਵਸ ਦੀ ਮਹੱਤਤਾ 'ਤੇ ਚਾਨਣਾ ਪਾਇਆ ਤੇ ਵਿਸਾਖੀ ਦਿਹਾੜੇ ਦੀਆਂ ਵਧਾਈਆਂ ਦਿੱਤੀਆਂ। ਸਰੀ ਸਿਟੀ ਦੀ ਮੇਅਰ ਬਰਿੰਡਾ ਲੌਕ ਨੇ ਵੀ ਨਗਰ ਕੀਰਤਨ ਵਿੱਚ ਪਹੁੰਚ ਕੇ ਸ਼ਹਿਰ ਵਾਸੀਆਂ ਨੂੰ ਵਧਾਈ ਦਿੱਤੀ। ਇਸ ਤੋਂ ਇਲਾਵਾ ਸੂਬਾਈ ਸਰਕਾਰ ਦੇ ਕਈ ਮੰਤਰੀਆਂ ਅਤੇ ਐਮ.ਐਲ.ਏਜ਼ ਨੇ ਵੀ ਕੇਸਰੀ ਦਸਤਾਰਾਂ ਅਤੇ ਸਕਾਰਫ਼ ਸਜਾ ਕੇ ਨਗਰ ਕੀਰਤਨ ਦੀ ਰੌਣਕ ਵਧਾਈ ਅਤੇ ਵੱਖ-ਵੱਖ ਪੜਾਵਾਂ 'ਤੇ ਸੰਗਤਾਂ ਨਾਲ ਮੁਲਾਕਾਤ ਕੀਤੀ। ਧਾਰਮਿਕ ਸ਼ਰਧਾ ਦੇ ਨਾਲ-ਨਾਲ ਇਸ ਵਾਰ ਸਾਹਿਤਕ ਰੰਗ ਵੀ ਗੂੜ੍ਹਾ ਦੇਖਣ ਨੂੰ ਮਿਲਿਆ। 'ਗੁਲਾਟੀ ਪਬਲਿਸ਼ਰਜ਼ ਲਿਮਟਿਡ ਸਰੀ' ਵੱਲੋਂ ਹਰਦਮ ਸਿੰਘ ਮਾਨ ਦੀ ਅਗਵਾਈ ਹੇਠ ਲਾਈ ਗਈ ਪੰਜਾਬੀ ਪੁਸਤਕ ਪ੍ਰਦਰਸ਼ਨੀ ਨੇ ਲੋਕਾਂ ਦਾ ਵਿਸ਼ੇਸ਼ ਧਿਆਨ ਖਿੱਚਿਆ। ਪੰਜਾਬੀ ਮਾਂ-ਬੋਲੀ ਅਤੇ ਸਾਹਿਤ ਨੂੰ ਪ੍ਰਫੁੱਲਿਤ ਕਰਨ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਹੋਈ। ਸੈਂਕੜੇ ਪੁਸਤਕ ਪ੍ਰੇਮੀਆਂ ਨੇ ਪ੍ਰਦਰਸ਼ਨੀ ਵਿਚ ਪਹੁੰਚ ਕੇ ਕਿਤਾਬਾਂ ਖਰੀਦੀਆਂ। ਸਰੀ ਪੁਲਿਸ, ਪ੍ਰਸ਼ਾਸਨ ਅਤੇ ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਵੱਲੋਂ ਕੀਤੇ ਗਏ ਸੁਚਾਰੂ ਪ੍ਰਬੰਧਾਂ ਸਦਕਾ ਲੱਖਾਂ ਦੀ ਭੀੜ ਦੇ ਬਾਵਜੂਦ ਨਗਰ ਕੀਰਤਨ ਬੜੀ ਸ਼ਾਂਤੀਪੂਰਵਕ ਨੇਪਰੇ ਚੜ੍ਹਿਆ। ਟ੍ਰੈਫਿਕ ਅਤੇ ਸੁਰੱਖਿਆ ਦੇ ਪੁਖ਼ਤਾ ਇੰਤਜ਼ਾਮਾਂ ਨੇ ਸ਼ਰਧਾਲੂਆਂ ਦੀ ਸਹੂਲਤ ਨੂੰ ਯਕੀਨੀ ਬਣਾਇਆ।

## ਜਨਮ ਦਿਨ ਮੁਬਾਰਕ



ਕੇਸ਼ਵ



ਮੇਹਰਜੋਤ ਕੌਰ

# ਗੁਰੂ ਨਗਰੀ ਦੀ ਸ਼ਾਨ, ਸਫਾਈ ਸਾਡੀ ਪਹਿਚਾਣ - ਅੰਮ੍ਰਿਤਸਰ ਵਿੱਚ ਸਫਾਈ ਮੁਹਿੰਮ ਨੂੰ ਮਿਲੀ ਰਫ਼ਤਾਰ

ਅੰਮ੍ਰਿਤਸਰ, 21 ਅਪ੍ਰੈਲ (ਗੁਰਦਿਆਲ ਸਿੰਘ): ਪਵਿੱਤਰ ਸ਼ਹਿਰ ਨੂੰ ਸਾਫ਼-ਸੁਥਰਾ, ਹਰਿਆ-ਭਰਿਆ ਅਤੇ ਕੂੜਾ-ਕਰਕਟ ਮੁਕਤ ਬਣਾਉਣ



ਦੇ ਲਗਾਤਾਰ ਯਤਨਾਂ ਤਹਿਤ ਨਗਰ ਨਿਗਮ Amritsar ਵੱਲੋਂ ਅੱਜ ਕੰਪਨੀ ਬਾਗ ਵਿੱਚ ਸਫਾਈ ਜਾਗਰੂਕਤਾ ਰੈਲੀ ਦਾ ਸਫਲ ਆਯੋਜਨ ਕੀਤਾ ਗਿਆ। ਇਹ ਰੈਲੀ ਸ਼ਹਿਰ ਵਿੱਚ ਚੱਲ ਰਹੀ ਤਿੰਨ ਦਿਨਾਂ ਦੀ ਸਫਾਈ ਮੁਹਿੰਮ ਦਾ ਹਿੱਸਾ ਸੀ। ਇਹ ਪਹਲ ਨਗਰ ਨਿਗਮ ਕਮਿਸ਼ਨਰ 2⬦⬦☛▲✡⬦⬦☨ ♥⬦✪✚✶ ♥✶✚☛✚⬦⬦⬦ ਦੀ ਰਹਿਨੁਮਾਈ ਹੇਠ ਕੀਤੀ ਗਈ, ਜਿਸ ਵਿੱਚ ਈਕੋ ਸੇਵਾ, ਸਵੱਛ ਪੰਜਾਬ, ਇਨਰ ਵ੍ਹੀਲ ਕਲੱਬ ਅਤੇ ਮਿਲੇਨਿਅਮ ਸਕੂਲ ਦੇ ਵਿਦਿਆਰਥੀਆਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ। ਰੈਲੀ ਨੂੰ ਕਮਿਸ਼ਨਰ ਸ਼ੇਰਗਿੱਲ ਵੱਲੋਂ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ। ਇਸ ਮੌਕੇ ਐਮਓਐਚ ਡਾ. ਯੋਗੇਸ਼ ਅਰੋੜਾ, ਸੀਐਸਓ ਮਲਕੀਤ ਸਿੰਘ, ਐਸਆਈ ਅਮਨਦੀਪ ਸਿੰਘ ਅਤੇ ਸਵੱਛ ਪੰਜਾਬ ਤੇ ਈਕੋ ਸੇਵਾ ਦੇ ਨੁਮਾਇੰਦਿਆਂ ਸਮੇਤ ਹੋਰ ਅਧਿਕਾਰੀ ਮੌਜੂਦ ਸਨ। ਸਫਾਈ ਕਰਮਚਾਰੀਆਂ, ਸੇਵਾਦਾਰਾਂ ਅਤੇ ਨਾਗਰਿਕਾਂ ਨੇ ਵੀ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ। ਰੈਲੀ ਕੰਪਨੀ ਬਾਗ ਦੇ ਆਸ-ਪਾਸ ਦੇ ਇਲਾਕਿਆਂ ਵਿੱਚੋਂ ਗੁਜ਼ਰੀ, ਜਿੱਥੇ ਭਾਗੀਦਾਰਾਂ ਨੇ ਗੁਰੂ ਨਗਰੀ ਦੀ ਸ਼ਾਨ, ਸਫਾਈ ਸਾਡੀ ਪਹਿਚਾਣ ਦਾ ਨਾਰਾ ਲਗਾ ਕੇ ਲੋਕਾਂ ਨੂੰ ਜਾਗਰੂਕ ਕੀਤਾ। ਇਸ ਦੌਰਾਨ ਕਮਿਸ਼ਨਰ ਸ਼ੇਰਗਿੱਲ ਨੇ ਨਿਵਾਸੀਆਂ, ਵਪਾਰੀਆਂ ਅਤੇ ਰਾਹਗੀਰਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਕੂੜਾ ਨਾ ਸੁੱਟਣ ਅਤੇ ਡਸਟਬਿਨ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਟਿਕਾਊ ਸਫਾਈ ਸਿਰਫ਼ ਲੋਕਾਂ ਦੀ ਭਾਗੀਦਾਰੀ ਅਤੇ ਸੋਚ ਵਿੱਚ ਬਦਲਾਅ ਨਾਲ ਹੀ ਸੰਭਵ ਹੈ। ਬੱਚਿਆਂ ਨੂੰ ਸੰਬੋਧਨ ਕਰਦੇ ਹੋਏ ਉਨ੍ਹਾਂ ਨੇ ਕਿਹਾ ਕਿ ਉਹ ਸਫਾਈ ਦੇ ਦੂਤ ਬਣਨ ਅਤੇ ਘਰ ਤੋਂ ਹੀ ਸਫਾਈ ਦੀ ਸ਼ੁਰੂਆਤ ਨਗਰ ਨਿਗਮ ਅੰਮ੍ਰਿਤਸਰ ਸਾਰੇ ਨਾਗਰਿਕਾਂ ਨੂੰ ਅਪੀਲ ਕਰਦਾ ਹੈ ਕਿ ਉਹ ਆਪਣੇ ਸ਼ਹਿਰ ਦੀ ਵਿਰਾਸਤ 'ਤੇ ਮਾਣ ਕਰਨ ਅਤੇ ਇਸਨੂੰ ਸਾਫ਼ ਰੱਖਣ ਵਿੱਚ ਆਪਣਾ ਯੋਗਦਾਨ ਪਾਉਣ। ਕੂੜੇ ਦਾ ਠੀਕ ਨਿਪਟਾਰਾ, ਪਲਾਸਟਿਕ ਦੀ ਘੱਟ ਵਰਤੋਂ ਅਤੇ ਹੋਰਨਾਂ ਨੂੰ ਪ੍ਰੇਰਿਤ ਕਰਨਾ—ਇਹ ਛੋਟੇ ਕਦਮ ਇੱਕ ਵਧੀਆ ਅਤੇ ਸੁੰਦਰ ਅੰਮ੍ਰਿਤਸਰ ਬਣਾਉਣ ਵਿੱਚ ਮਦਦਗਾਰ ਹਨ। ਆਓ, ਅਸੀਂ ਸਾਰੇ ਮਿਲ ਕੇ ਆਪਣੀ ਗੁਰੂ ਨਗਰੀ ਦੀ ਪਵਿੱਤਰਤਾ ਅਤੇ ਸ਼ਾਨ ਨੂੰ ਬਣਾਈ ਰੱਖੀਏ ਅਤੇ ਇਸਨੂੰ ਸਫਾਈ ਦਾ ਮਾਡਲ ਸ਼ਹਿਰ ਬਣਾਈਏ।

# ਭਗਵੰਤ ਮਾਨ ਦੀ ਅਗਵਾਈ ਵਾਲੀ ਆਪ ਸਰਕਾਰ ਨੇ ਲੋਕਾਂ ਨਾਲ ਕੀਤੀਆਂ ਸਾਰੀਆਂ ਗਰੰਟੀਆ ਪੂਰੀਆਂ ਕੀਤੀਆਂ-ਤਲਬੀਰ ਗਿੱਲ

ਮਜੀਠਾ, 21 ਅਪ੍ਰੈਲ (ਅਸ਼ਵਨੀ ਨਈਅਰ)- ਹਲਕਾ ਮਜੀਠਾ ਦੇ ਪਿੰਡ ਨਾਗ ਕਲਾਂ ਦੇ ਵਸਨੀਕ ਮਾਸਟਰ ਜਸਜੀਤ ਸਿੰਘ ਜੋ ਪਿਛਲੇ ਕੁੱਝ ਸਮੇ ਤੋ ਬੀਮਾਰ ਚਲੇਆ ਰਹੇ ਹਨ ਜਿਨ੍ਹਾਂ ਦਾ ਹਾਲ ਪੁਛਣ ਲਈ ਅੱਜ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਉਨ੍ਹਾਂ ਦੇ ਗ੍ਰਹਿ ਨਾਂਗਕਲਾਂ ਵਿਖੇ ਵਿਖੇ ਪਹੁੰਚੇ ਜਿਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ ਆਪ ਸਰਕਾਰ ਨੇ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਲੋਕਾਂ ਨਾਲ ਕੀਤੀਆਂ ਗਰੰਟੀਆਂ ਅਤੇ ਵਾਅਦਿਆਂ ਨੂੰ ਆਪ ਸਰਕਾਰ ਨੇ ਪੂਰੇ ਕਰਕੇ ਮਿਸਾਲ ਪੈਦਾ ਕੀਤੀ ਹੈ। ਇਸ ਵਿਚ ਮੁੱਖ ਤੌਰ ਤੇ ਔਰਤਾਂ ਨੂੰ ਮਹਿਲਾ ਸਨਮਾਨ ਭੱਤਾ, ਬਿਜਲੀ ਬਿੱਲਾਂ ਵਿਚ ਰਾਹਤ, ਖੇਤੀਬਾੜੀ ਨਾਲ ਜੁੜੀਆਂ ਯੋਜਨਾਵਾਂ, ਸਿਹਤ ਅਤੇ ਇਲਾਜ ਵਿਚ ਸੁਧਾਰ ਆਦਿ ਸ਼ਾਮਲ ਹਨ। ਤਲਬੀਰ ਸਿੰਘ ਗਿੱਲ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਚਾਰ ਸਾਲਾਂ ਵਿਚ ਹੀ ਲੋਕਾਂ ਨਾਲ ਕੀਤੇ ਸਾਰੇ ਵਾਅਦੇ ਪੂਰੇ ਕਰਕੇ ਪੰਜਾਬ ਦੀ ਰਾਜਨੀਤੀ ਵਿਚ ਇੱਕ ਨਵੀਂ ਮਿਸਾਲ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਸਰਕਾਰ ਨੇ ਔਰਤਾਂ ਦੇ ਆਰਥਿਕ ਉੱਨਤੀ ਲਈ ਵੱਡੇ ਕਦਮ ਚੁੱਕੇ ਹਨ। ਇਸ ਤਹਿਤ ਜਨਰਲ ਵਰਗ ਦੀਆਂ ਔਰਤਾਂ ਨੂੰ ਪ੍ਰਤੀ ਮਹੀਨਾ 1000 ਰੁਪਏ ਅਤੇ ਪਿੱਛੜੀਆਂ ਤੇ ਅਨੁਸੂਚਿਤ ਜਾਤੀਆਂ ਦੀਆਂ ਔਰਤਾਂ ਨੂੰ 1500 ਰੁਪਏ ਦਾ ਭੱਤਾ ਦਿੱਤਾ ਜਾ ਰਿਹਾ ਹੈ, ਜਿਸ ਨਾਲ ਘਰਾਂ ਦੀ ਆਰਥਿਕ ਹਾਲਤ ਮਜ਼ਬੂਤ ਹੋਈ ਹੈ। ਗਿੱਲ ਨੇ ਕਿਹਾ ਕਿ ਆਪ ਸਰਕਾਰ ਨੇ ਸਿਹਤ ਖੇਤਰ ਵਿਚ ਵੀ ਬਹੁਤ ਸੁਧਾਰ ਕੀਤਾ ਹੈ। ਇਲਾਜ ਲਈ ਮੁਫਤ ਦਵਾਈਆਂ ਅਤੇ ਟੈਸਟਾਂ ਦੀਆਂ ਯੋਜਨਾਵਾਂ ਨਾਲ ਗਰੀਬ ਪਰਿਵਾਰਾਂ ਨੂੰ ਵੱਡੀ ਰਾਹਤ ਮਿਲੀ ਹੈ। ਖੇਤੀਬਾੜੀ ਨਾਲ ਜੁੜੇ ਕਿਸਾਨਾਂ ਲਈ ਵੀ ਵੱਖ-ਵੱਖ ਯੋਜਨਾਵਾਂ ਚਲਾਈਆਂ ਗਈਆਂ ਹਨ, ਜਿਨ੍ਹਾਂ ਨਾਲ ਉਨ੍ਹਾਂ ਦੀ ਆਮਦਨ ਵਧਾਉਣ ਵਿਚ ਮਦਦ ਮਿਲੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਸਰਕਾਰ ਲੋਕ ਭਲਾਈ ਅਤੇ ਵਿਕਾਸ ਉੱਤੇ ਧਿਆਨ ਕੇਂਦਰਿਤ ਕਰ ਰਹੀ ਹੈ। ਤਲਬੀਰ ਗਿੱਲ ਨੇ ਅੱਗੇ ਕਿਹਾ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ ਇਸ ਸਰਕਾਰ ਨੇ ਭ੍ਰਿਸ਼ਟਾਚਾਰ ਖਿਲਾਫ ਸਖਤੀ ਨਾ ਕਾਰਵਾਈ ਕਰਕੇ ਪਾਰਦਰਸ਼ੀ ਪ੍ਰਸ਼ਾਸਨ ਦੀ ਮਿਸਾਲ ਪੇਸ਼ ਕੀਤੀ ਹੈ। ਇਸ ਮੌਕੇ ਬਲਜਿੰਦਰ ਸਿੰਘ ਛੀਨਾ ਸਿਆਸੀ ਸਲਾਹਕਾਰ ਗਿੱਲ, ਜਸਵੰਤ ਸਿੰਘ ਪੰਨੂ ਜ਼ਿਲ੍ਹਾ ਪਰਿਸ਼ਦ ਮੈਂਬਰ, ਗੁਰਪ੍ਰੀਤ ਸਿੰਘ ਵਡਾਲੀ, ਸਰਪੰਚ ਸੁਖ ਭੰਗਵਾ, ਕੁਲਦੀਪ ਸਿੰਘ, ਜਤਿੰਦਰ ਸਿੰਘ, ਗੁਰਮੇਜ ਸਿੰਘ, ਦਲਜੀਤ ਸਿੰਘ ਗਿੱਲ, ਸੰਦੀਪ ਧਾਲੀਵਾਲ, ਮਨਜੀਤ ਸਿੰਘ ਸੋਨੂ, ਭੁਪਿੰਦਰ ਸਿੰਘ, ਲਾਲ ਸਿੰਘ, ਸਰਪੰਚ ਰਵੀ ਨਾਗ ਖੁਰਦ, ਗੁਰਨਾਮ ਸਿੰਘ, ਪ੍ਰੇਮ ਸਿੰਘ, ਅਰਮਾਨ ਸਿੰਘ, ਸਿਮਰਪ੍ਰੀਤ ਕੌਰ, ਨਵਜੀਤ ਕੌਰ, ਸ਼ੁੱਭਲੀਨਦੀਪ ਕੌਰ, ਹਰਪ੍ਰੀਤ ਕੌਰ, ਭੁਪਿੰਦਰ ਸਿੰਘ, ਸ਼ੁਭਪ੍ਰੀਤ ਕੌਰ ਆਦਿ ਹਾਜ਼ਰ ਸਨ।



# ਪੀ.ਸੀ.ਐਮ. ਐਸ.ਡੀ. ਕਾਲਜ ਫਾਰ ਵੂਮੈਨ, ਜਲੰਧਰ ਦੀਆਂ ਵਿਦਿਆਰਥਣਾਂ ਬੀ.ਏ. ਬੀ.ਐੱਡ. ਸਮੈਸਟਰ 9 ਵਿੱਚ ਯੂਨੀਵਰਸਿਟੀ ਰੈਂਕਿੰਗ ਵਿੱਚ ਚਮਕੀਆਂ

ਜਲੰਧਰ, 21 ਅਪ੍ਰੈਲ (ਸੰਦੀਪ ਕੌਲ) ਪੀ.ਸੀ.ਐਮ. ਐਸ.ਡੀ. ਕਾਲਜ ਫਾਰ ਵੂਮੈਨ, ਜਲੰਧਰ ਦੇ ਬੀ.ਏ. ਬੀ.ਐੱਡ. ਵਿਭਾਗ ਦਸੰਬਰ 2025 ਵਿੱਚ ਹੋਈਆਂ ਸਮੈਸਟਰ ਪ੍ਰੀਖਿਆਵਾਂ



ਦੇ ਅਕਾਦਮਿਕ ਨਤੀਜੇ ਪੇਸ਼ ਕਰਨ @ਤੇ ਮਾਣ ਮਹਿਸੂਸ ਕਰਦਾ ਹੈ, ਜੋ ਕਿ ਮਿਹਨਤ, ਬੌਧਿਕ ਸ਼ਮੂਲੀਅਤ ਅਤੇ ਇਕਸਾਰ ਅਕਾਦਮਿਕ ਖੋਜ ਦੇ ਸੱਭਿਆਚਾਰ ਨੂੰ ਦਰਸਾਉਂਦਾ ਹੈ। ਇਸ ਸੈਸ਼ਨ ਵਿੱਚ ਵਿਦਿਆਰਥੀਆਂ ਦਾ ਪ੍ਰਦਰਸ਼ਨ ਵਿਦਵਤਾਪੂਰਨ ਉੱਤਮਤਾ ਨੂੰ ਉਤਸ਼ਾਹਿਤ ਕਰਨ ਅਤੇ ਅਨੁਸ਼ਾਸਿਤ ਸਿੱਖਣ ਦੇ ਵਾਤਾਵਰਣ ਨੂੰ ਉਤਸ਼ਾਹਿਤ ਕਰਨ ਲਈ ਵਿਭਾਗ ਦੀ ਵਚਨਬੱਧਤਾ ਦਾ ਇੱਕ ਪ੍ਰਭਾਵਸ਼ਾਲੀ ਪ੍ਰਤੀਬਿੰਬ ਹੈ। ਨਤੀਜੇ ਦੀ ਮੁੱਖ ਗੱਲ ਯੂਨੀਵਰਸਿਟੀ ਪੱਧਰ @ਤੇ ਵਿਦਿਆਰਥੀਆਂ ਦੀ ਬੇਮਿਸਾਲ ਪ੍ਰਾਪਤੀ ਰਹੀ ਹੈ। ਦਿਵੰਤੀ ਨੇ ਪ੍ਰਭਾਵਸ਼ਾਲੀ 8.68 37♦1 (86.80%) ਨਾਲ ਯੂਨੀਵਰਸਿਟੀ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ, ਜਿਸ ਨਾਲ ਅਕਾਦਮਿਕ ਪ੍ਰਤਿਭਾ ਦਾ ਇੱਕ ਮਾਪਦੰਡ ਸਥਾਪਤ ਕੀਤਾ ਗਿਆ। ਗੁਨੀਤ ਕੌਰ ਨੇ 8.52 37♦1 (85.2%) ਨਾਲ ਦੂਜਾ ਸਥਾਨ ਪ੍ਰਾਪਤ ਕੀਤਾ, ਜਦੋਂ ਕਿ ਆਸ਼ੂ ਨੇ 8.40 37♦1 (84.0%) ਨਾਲ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਅਕਾਦਮਿਕ ਵਿਲੱਖਣਤਾ ਨੂੰ ਹੋਰ ਵਧਾਉਂਦੇ ਹੋਏ, ਮੋਹਿਨਾ ਸਚਦੇਵਾ ਨੇ 8.36 37♦1 (83.6%) ਦੇ ਨਾਲ ਯੂਨੀਵਰਸਿਟੀ ਵਿੱਚ ਚੌਥਾ ਸਥਾਨ ਪ੍ਰਾਪਤ ਕੀਤਾ। ਇਹ ਪ੍ਰਾਪਤੀਆਂ ਵਿਦਿਆਰਥੀਆਂ ਦੀ ਲਗਨ ਅਤੇ ਵਿਦਵਤਾਪੂਰਨ ਸਮਰਪਣ ਦੇ ਨਾਲ-ਨਾਲ ਫੈਕਲਟੀ ਦੁਆਰਾ ਦਿੱਤੇ ਗਏ ਅਟੁੱਟ ਸਮਰਥਨ ਅਤੇ ਮਾਰਗਦਰਸ਼ਨ ਨੂੰ ਦਰਸਾਉਂਦੀਆਂ ਹਨ। ਵਿਭਾਗ ਦਾ ਸਮੁੱਚਾ ਅਕਾਦਮਿਕ ਵਾਤਾਵਰਣ ਨਾ ਸਿਰਫ਼ ਪ੍ਰੀਖਿਆ ਪ੍ਰਦਰਸ਼ਨ ਵਿੱਚ ਉੱਤਮਤਾ @ਤੇ ਜ਼ੋਰ ਦਿੰਦਾ ਹੈ, ਸਗੋਂ ਇੱਕ ਮਜ਼ਬੂਤ ਅਧਿਆਪਕ ਸਿੱਖਿਆ ਪ੍ਰੋਗਰਾਮ ਦੇ ਚਿੰਨ੍ਹ ਵੱਜੋਂ ਆਲੋਚਨਾਤਮਕ ਸੋਚ, ਸਿੱਖਿਆ ਸ਼ਾਸਤਰੀ ਯੋਗਤਾ, ਅਤੇ ਪ੍ਰਤੀਬਿੰਬਤ ਸਿੱਖਣ ਦੀ ਕਾਸ਼ਤ @ਤੇ ਵੀ ਜ਼ੋਰ ਦਿੰਦਾ ਹੈ। ਇਸ ਮੌਕੇ ਤੇ ਪ੍ਰਧਾਨ ਸ਼੍ਰੀ ਨਰੇਸ਼ ਬੁਧੀਆ ਜੀ, ਸੀਨੀਅਰ ਉਪ ਪ੍ਰਧਾਨ ਸ਼੍ਰੀ ਵਿਨੋਦ ਦਾਦਾ ਜੀ, ਪ੍ਰਬੰਧਕੀ ਕਮੇਟੀ ਦੇ ਹੋਰ ਮੈਂਬਰ ਅਤੇ ਪ੍ਰਿੰਸੀਪਲ ਡਾ. ਪੂਜਾ ਪਰਾਸ਼ਰ ਜੀ ਨੇ ਨਤੀਜਿਆਂ ਦੀ ਸ਼ਲਾਘਾ ਕੀਤੀ ਜੋ ਸਖ਼ਤ ਮਿਹਨਤ, ਅਕਾਦਮਿਕ ਅਨੁਸ਼ਾਸਨ ਅਤੇ ਸੰਸਥਾਗਤ ਮਾਰਗਦਰਸ਼ਨ ਦੇ ਸੁਮੇਲ ਵਾਲੇ ਮਿਸ਼ਰਣ ਨੂੰ ਦਰਸਾਉਂਦੇ ਹਨ।

# ਐਨਸੀਐਸਕੇ ਦੇ ਉਪ-ਚੇਅਰਪਰਸਨ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਕੀਤਾ ਦੌਰਾ

ਅੰਮ੍ਰਿਤਸਰ, 21 ਅਪ੍ਰੈਲ (ਗੁਰਦਿਆਲ ਸਿੰਘ): ਰਾਸ਼ਟਰੀ ਸਫਾਈ ਕਰਮਚਾਰੀ ਕਮਿਸ਼ਨ (ਐਨਸੀਐਸਕੇ) ਦੇ ਉਪ-ਚੇਅਰਪਰਸਨ ਸ. ਹਰਦੀਪ ਸਿੰਘ ਗਿੱਲ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਦੌਰਾ ਕਰਦੇ ਹੋਏ ਯੂਨੀਵਰਸਿਟੀ ਵੱਲੋਂ ਸਫਾਈ ਕਰਮਚਾਰੀਆਂ ਦੀ ਭਰਤੀ, ਤਰੱਕੀ ਅਤੇ ਭਲਾਈ ਲਈ ਚੁੱਕੇ ਜਾ ਰਹੇ ਵੱਖ-ਵੱਖ ਕਦਮਾਂ ਦੀ ਸਮੀਖਿਆ ਕੀਤੀ। ਰਾਸ਼ਟਰੀ ਸਫਾਈ ਕਰਮਚਾਰੀ ਆਯੋਗ ਸਫਾਈ ਕਰਮਚਾਰੀਆਂ ਦੀ ਭਲਾਈ ਲਈ ਯੋਜਨਾਵਾਂ ਦੀ ਸਿਫਾਰਸ਼ ਕਰਨ, ਪੁਨਰਵਾਸ ਸਕੀਮਾਂ ਦੀ ਨਿਗਰਾਨੀ ਕਰਨ, ਸ਼ਿਕਾਇਤਾਂ ਦੀ ਜਾਂਚ ਕਰਨ ਅਤੇ ਸਰਕਾਰਾਂ ਨੂੰ ਉਨ੍ਹਾਂ ਦੇ ਕੰਮਕਾਜੀ ਹਾਲਾਤ ਅਤੇ ਸਮਾਜਿਕ ਸੁਰੱਖਿਆ ਵਿੱਚ ਸੁਧਾਰ ਲਈ ਸਲਾਹ ਦੇਣ ਵਾਲਾ ਸੰਗਠਨ ਹੈ। ਯੂਨੀਵਰਸਿਟੀ ਪਹੁੰਚਣ 'ਤੇ ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਨੇ ਸ. ਹਰਦੀਪ ਸਿੰਘ ਗਿੱਲ ਦਾ ਸਵਾਗਤ ਕੀਤਾ। ਵਾਈਸ ਚਾਂਸਲਰ ਦਫ਼ਤਰ ਵਿੱਚ ਹੋਈ ਵਿਸ਼ੇਸ਼ ਮੀਟਿੰਗ ਦੌਰਾਨ ਪ੍ਰੋ. ਕਰਮਜੀਤ ਸਿੰਘ ਨੇ ਯੂਨੀਵਰਸਿਟੀ ਦੀਆਂ ਮਹੱਤਵਪੂਰਨ ਉਪਲਬਧੀਆਂ ਬਾਰੇ ਜਾਣਕਾਰੀ ਦਿੱਤੀ ਅਤੇ ਸਫਾਈ ਕਰਮਚਾਰੀਆਂ ਅਤੇ ਹੋਰ ਕਰਮਚਾਰੀਆਂ ਦੀ ਭਲਾਈ ਲਈ ਸਮੇਂ-ਸਮੇਂ 'ਤੇ ਕੀਤੀਆਂ ਜਾ ਰਹੀਆਂ ਪਹਿਲਕਦਮੀਆਂ ਬਾਰੇ ਵੀ ਵਿਸਥਾਰ ਨਾਲ ਦੱਸਿਆ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਆਪਣੇ ਕਰਮਚਾਰੀਆਂ ਦੀ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਭਵਿੱਖ ਵਿੱਚ ਵੀ ਉਨ੍ਹਾਂ ਲਈ ਹੋਰ ਬਿਹਤਰ ਸੁਵਿਧਾਵਾਂ ਯਕੀਨੀ ਬਣਾਉਣ ਲਈ ਪ੍ਰਭਾਵਸ਼ਾਲੀ ਕਦਮ ਚੁੱਕੇ ਜਾਣਗੇ। ਇਸ ਮੌਕੇ ਸ. ਹਰਦੀਪ ਸਿੰਘ ਗਿੱਲ ਨੇ ਪ੍ਰਸ਼ਾਸਨ ਨਾਲ ਹੋਈ ਮੀਟਿੰਗ ਨੂੰ ਸਫਾਈ ਕਰਮਚਾਰੀਆਂ ਦੀ ਭਲਾਈ ਵੱਲ ਇੱਕ ਸਕਾਰਾਤਮਕ ਕਦਮ ਦੱਸਿਆ। ਉਨ੍ਹਾਂ ਕਿਹਾ ਕਿ ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਅਤੇ ਹੋਰ ਸੀਨੀਅਰ ਅਧਿਕਾਰੀਆਂ ਨਾਲ ਕਰਮਚਾਰੀਆਂ ਨਾਲ ਸੰਬੰਧਿਤ ਮੁੱਖ ਮਸਲਿਆਂ 'ਤੇ ਵਿਸਥਾਰਪੂਰਵਕ ਚਰਚਾ ਹੋਈ। ਸ. ਗਿੱਲ ਨੇ ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਵੱਖ ਵੱਖ ਕਾਰਜਾਂ ਸੰਬਧੀ ਦਿੱਤੇ ਭਰੋਸਿਆਂ 'ਤੇ ਸੰਤੁਸ਼ਟੀ ਅਤੇ ਉਮੀਦ ਪ੍ਰਗਟਾਈ ਕਿ ਇਹ ਫੈਸਲੇ ਜਲਦੀ ਹੀ ਜ਼ਮੀਨੀ ਪੱਧਰ 'ਤੇ ਲਾਗੂ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਕਰਮਚਾਰੀਆਂ ਲਈ ਜਾਗਰੂਕਤਾ ਕੈਂਪ ਲਗਾਉਣ ਤੋਂ ਇਲਾਵਾ, ਸ਼ਿਕਾਇਤ ਨਿਵਾਰਣ ਪ੍ਰਣਾਲੀ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ ਅਤੇ ਕੰਮਕਾਜੀ ਹਾਲਾਤ ਅਤੇ ਸਮਾਜਿਕ ਸੁਰੱਖਿਆ ਲਾਭਾਂ ਵਿੱਚ ਸੁਧਾਰ ਲਈ ਵਿਸ਼ੇਸ਼ ਯਤਨ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਸਫਾਈ ਕਰਮਚਾਰੀਆਂ ਦੀ ਭਲਾਈ ਲਈ ਵਿਸ਼ੇਸ਼ ਯੋਜਨਾਵਾਂ ਆਯੋਗ ਦੇ ਸਹਿਯੋਗ ਨਾਲ ਤਿਆਰ ਕੀਤੀਆਂ ਜਾਣਗੀਆਂ ਅਤੇ ਉਹ ਕਰਮਚਾਰੀਆਂ ਦੇ ਹੱਕਾਂ ਅਤੇ ਭਲਾਈ ਲਈ ਲਗਾਤਾਰ ਯਤਨਸ਼ੀਲ ਰਹਿਣਗੇ। ਇਸ ਮੌਕੇ ਡੀਨ ਅਕਾਦਮਿਕ ਮਾਮਲੇ ਪ੍ਰੋ. ਐਚ. ਐਸ. ਸੈਣੀ, ਜ਼ਿਲ੍ਹਾ ਭਲਾਈ ਅਫ਼ਸਰ ਸ਼੍ਰੀ ਪੱਲਵ ਸ਼੍ਰੇਸ਼ਠਾ, ਨੋਡਲ ਅਫ਼ਸਰ ਐਸਸੀ/ਐਸਟੀ ਪ੍ਰੋ. ਵਿਕਰਮ ਸੰਧੂ, ਨਾਨ-ਟੀਚਿੰਗ ਐਸੋਸੀਏਸ਼ਨ ਦੇ ਪ੍ਰਧਾਨ ਸ. ਹਰਦੀਪ ਸਿੰਘ ਨਾਗਰਾ, ਡਾਇਰੈਕਟਰ ਪਬਲਿਕ ਰਿਲੇਸ਼ਨਜ਼ ਸ਼੍ਰੀ ਪਰਵੀਨ ਪੁਰੀ ਅਤੇ ਯੂਨੀਵਰਸਿਟੀ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।



# ਡੀ.ਸੀ. ਜਲੰਧਰ ਵਰਜੀਤ ਵਾਲੀਆ ਬਣੇ ਸੁਰਜੀਤ ਹਾਕੀ ਸੁਸਾਇਟੀ ਦੇ 22ਵੇਂ ਪ੍ਰਧਾਨ

ਜਲੰਧਰ, 21 ਅਪ੍ਰੈਲ (ਸੰਦੀਪ ਕੌਲ): ਜਲੰਧਰ ਦੇ ਡਿਪਟੀ ਕਮਿਸ਼ਨਰ ਸ਼੍ਰੀ ਵਰਜੀਤ ਵਾਲੀਆ, ਆਈ.ਏ.ਐਸ., ਨੂੰ ਸਾਲ 1984 ਵਿੱਚ ਓਲੰਪੀਅਨ ਸੁਰਜੀਤ ਸਿੰਘ ਰੰਧਾਵਾ (ਸਾਬਕਾ ਕਪਤਾਨ, ਭਾਰਤੀ ਹਾਕੀ ਟੀਮ) ਦੀ ਯਾਦ ਵਿੱਚ ਸਥਾਪਿਤ ਸੁਰਜੀਤ ਹਾਕੀ ਸੁਸਾਇਟੀ ਦਾ 22ਵਾਂ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਇਹ ਫੈਸਲਾ ਸੁਸਾਇਟੀ ਦੇ ਵਰਕਿੰਗ ਪ੍ਰਧਾਨ ਲੇਖ ਰਾਜ



ਨਈਅਰ, ਆਈ.ਆਰ.ਐਸ. (ਸੇਵਾਮੁਕਤ), ਦੀ ਅਗਵਾਈ ਹੇਠ ਹੋਈ ਮੀਟਿੰਗ ਦੌਰਾਨ ਸੁਸਾਇਟੀ ਦੇ ਸੰਵਿਧਾਨ ਅਨੁਸਾਰ ਲਿਆ ਗਿਆ। ਇਸ ਮੌਕੇ ਸਾਬਕਾ ਡਿਪਟੀ ਕਮਿਸ਼ਨਰ ਜਲੰਧਰ ਸ਼੍ਰੀ ਹਿਮਾਂਸ਼ੂ ਅਗਰਵਾਲ ਵੱਲੋਂ ਸੁਸਾਇਟੀ ਲਈ ਦਿੱਤੀਆਂ ਸੇਵਾਵਾਂ ਦੀ ਭਰਪੂਰ ਪ੍ਰਸ਼ੰਸਾ ਵੀ ਕੀਤੀ ਗਈ। ਸੁਸਾਇਟੀ ਦੇ ਸੀ.ਈ.ਓ. ਸ਼੍ਰੀ ਇਕਬਾਲ ਸਿੰਘ ਸੰਧੂ, ਪੀ.ਸੀ.ਐਸ. (ਸੇਵਾਮੁਕਤ), ਨੇ ਦੱਸਿਆ ਕਿ ਮੀਟਿੰਗ ਤੋਂ ਬਾਅਦ ਸੁਸਾਇਟੀ ਦੇ ਮੈਂਬਰਾਂ ਵੱਲੋਂ ਨਵ-ਨਿਯੁਕਤ ਪ੍ਰਧਾਨ ਅਤੇ ਡਿਪਟੀ ਕਮਿਸ਼ਨਰ ਸ਼੍ਰੀ ਵਰਜੀਤ ਵਾਲੀਆ ਨਾਲ ਮੁਲਾਕਾਤ ਕੀਤੀ ਗਈ। ਇਸ ਦੌਰਾਨ ਉਨ੍ਹਾਂ ਨੂੰ ਸੁਸਾਇਟੀ ਦੀਆਂ ਵੱਖ-ਵੱਖ ਗਤੀਵਿਧੀਆਂ, ਸੁਰਜੀਤ ਹਾਕੀ ਅਕੈਡਮੀ ਦੇ ਕੰਮਕਾਜ ਅਤੇ 43ਵੇਂ ਇੰਡਿਅਨ ਆਇਲ ਸੁਰਜੀਤ ਹਾਕੀ ਟੂਰਨਾਮੈਂਟ-2026 ਦੀਆਂ ਤਿਆਰੀਆਂ ਬਾਰੇ ਜਾਣੂ ਕਰਵਾਇਆ ਗਿਆ। ਇਸ ਮੌਕੇ ਉਪਰ ਡੀ.ਸੀ. ਜਲੰਧਰ ਵਰਜੀਤ ਵਾਲੀਆ ਨੇ ਸੁਸਾਇਟੀ ਦੇ ਉਪਰਾਲਿਆਂ ਦੀ ਪ੍ਰਸ਼ੰਸਾ ਕਰਦੇ ਹੋਏ ਭਰੋਸਾ ਦਿੱਤਾ ਕਿ ਸੁਸਾਇਟੀ ਵੱਲੋਂ ਕਿਤੇਂਜਾ ਰਹੇ ਹਾਕੀ ਦੇ ਵਿਕਾਸ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹਰ ਸੰਭਵ ਸਹਿਯੋਗ ਦਿੱਤਾ ਜਾਵੇਗਾ। ਉਨ੍ਹਾਂ ਨੇ ਇਹ ਵੀ ਕਿਹਾ ਕਿ ਸੁਸਾਇਟੀ ਦੇ ਵਿਸ਼ਾਲ ਤਜਰਬੇ ਦਾ ਲਾਭ, ਪੰਜਾਬ ਸਰਕਾਰ ਵੱਲੋਂ ਅਕਤੂਬਰ ਮਹੀਨੇ ਵਿੱਚ ਕਰਵਾਈ ਜਾਣ ਵਾਲੀ ਏਸ਼ੀਅਨ ਹਾਕੀ ਚੈਂਪੀਅਨਸ਼ਿਪ ਵਿੱਚ ਵੀ ਲਿਆ ਜਾਵੇਗਾ। ਇਸ ਮੀਟਿੰਗ ਦੌਰਾਨ ਸੁਸਾਇਟੀ ਦੇ ਫਾਊਂਡਰ ਮੈਂਬਰ ਅਤੇ ਚੀਫ਼ ਪੀ.ਆਰ.ਓ. ਸਵ. ਗੁਰਵਿੰਦਰ ਸਿੰਘ 'ਗੁੱਲੂ' ਬੱਠਲਾ ਨੂੰ ਉਨ੍ਹਾਂ ਦੀ ਬੇਵਕਤੀ ਮੌਤ 'ਤੇ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਲੇਖ ਰਾਜ ਨਈਅਰ, ਲਖਵਿੰਦਰਪਾਲ ਸਿੰਘ ਖਹਿਰਾ (ਵਰਕਿੰਗ ਪ੍ਰਧਾਨ), ਰਣਬੀਰ ਸਿੰਘ ਟੁੱਟ (ਸਕੱਤਰ), ਸੁਰਿੰਦਰ ਸਿੰਘ ਭਾਪਾ (ਜਨਰਲ ਸਕੱਤਰ), ਰਾਮ ਪਰਤਾਪ ਅਤੇ ਅਮਰੀਕ ਸਿੰਘ ਪਵਾਰ (ਸੀਨੀਅਰ ਮੀਤ ਪ੍ਰਧਾਨ), ਸਿਮਰਦੀਪ ਸਿੰਘ ਬੱਠਲਾ, ਹਰਿੰਦਰ ਸਿੰਘ ਸੰਘਾ, ਕੁਲਵਿੰਦਰ ਸਿੰਘ ਥਿਆੜਾ, ਗੁਰਿੰਦਰ ਸਿੰਘ ਸੰਘਾ, ਸੁਖਵਿੰਦਰ ਸਿੰਘ ਲਾਲੀ, ਗੁਰਇਕਬਾਲ ਸਿੰਘ ਢਿੱਲੋਂ ਅਤੇ ਕਰਨਦੀਪ ਸਿੰਘ ਵੀ ਹਾਜ਼ਰ ਸਨ।

# ਗੁ. ਸ੍ਰੀ ਮੰਜੀ ਸਾਹਿਬ ਵਿਖੇ ਮਨਾਇਆ ਭਗਤ ਧੰਨਾ ਜੀ ਦਾ ਜਨਮ ਦਿਹਾੜਾ

ਅੰਮ੍ਰਿਤਸਰ, 21 ਅਪ੍ਰੈਲ (ਗੁਰਦਿਆਲ ਸਿੰਘ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਨਾਲ ਸਬੰਧਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਭਗਤ ਧੰਨਾ ਜੀ ਦਾ ਜਨਮ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਸਬੰਧੀ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮਗਰੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਬਲਵਿੰਦਰ ਸਿੰਘ ਦੇ ਜਥੇ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਅਰਦਾਸ ਭਾਈ ਸਰਵਣ ਸਿੰਘ ਨੇ ਕੀਤੀ। ਸੰਗਤ ਨੂੰ ਹੁਕਮਨਾਮਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਨੇ ਸਰਵਣ ਕਰਵਾਇਆ। ਗਿਆਨੀ ਬਲਜੀਤ ਸਿੰਘ ਨੇ ਸੰਗਤਾਂ ਨਾਲ ਭਗਤ ਧੰਨਾ ਜੀ ਦੇ ਜੀਵਨ ਇਤਿਹਾਸ ਦੀ ਸਾਂਝ ਪਾਉਂਦਿਆਂ ਕਿਹਾ ਕਿ ਉਨ੍ਹਾਂ ਦਾ ਜੀਵਨ ਨਾਮ ਜਪਣ, ਸੱਚੀ ਕਿਰਤ ਅਤੇ ਪਰਮਾਤਮਾ 'ਤੇ ਭਰੋਸੇ ਦੀ ਪ੍ਰੇਰਣਾ ਦਿੰਦਾ ਹੈ। ਉਨ੍ਹਾਂ ਸੰਗਤਾਂ ਨੂੰ ਭਗਤ ਧੰਨਾ ਜੀ ਦੇ ਜਨਮ ਦਿਹਾੜੇ ਦੀ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਜੀਵਨ ਇਤਿਹਾਸ ਤੋਂ ਸੇਧ ਲੈਣ ਦੀ ਅਪੀਲ ਕੀਤੀ। ਇਸ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਸੁਪ੍ਰਿੰਟੈਂਡੈਂਟ ਸ. ਨਿਸ਼ਾਨ ਸਿੰਘ, ਮੈਨੇਜਰ ਸ. ਸਤਿੰਦਰ ਸਿੰਘ, ਸ. ਜਸਪਾਲ ਸਿੰਘ ਢੱਡੇ, ਵਧੀਕ ਮੈਨੇਜਰ ਸ. ਇਕਬਾਲ ਸਿੰਘ ਮੁਖੀ, ਸ. ਬਿਕਰਮਜੀਤ ਸਿੰਘ ਝੰਗੀ, ਸ. ਜਸਬੀਰ ਸਿੰਘ, ਸ. ਗੁਰਤਿੰਦਰਪਾਲ ਸਿੰਘ ਕਾਦੀਆਂ, ਮੀਤ ਮੈਨੇਜਰ ਸ. ਅਜੈ ਸਿੰਘ ਸਮੇਤ ਸੰਗਤਾਂ ਹਾਜ਼ਰ ਸਨ।



# ਲੁਧਿਆਣਾ ਵਿੱਚ ਸਿੱਖਿਆ ਪਰਵ ਤਹਿਤ ਜਾਗਰੂਕਤਾ ਸੈਮੀਨਾਰ: ਵੋਟ ਅਤੇ ਪੈਸੇ ਦੀ ਸਹੀ ਵਰਤੋਂ 'ਤੇ ਦਿੱਤਾ ਜ਼ੋਰ

ਸ੍ਰੀ ਹਰਗੋਬਿੰਦਪੁਰ ਸਾਹਿਬ 21 ਅਪਰੈਲ( (ਡਾਕਟਰ ਨਰਿੰਦਰ ਸਿੰਘ ਘੁਮਾਣ/ ਜਗੀਰ ਸਿੰਘ ਮੰਡ ) : ਲੁਧਿਆਣਾ ਵਿਖੇ ਵਾਲਮੀਕਿ ਅੰਬੇਡਕਰ ਫਾਊਂਡੇਸ਼ਨ ਅਤੇ ਆਦਿ ਧਰਮ ਸਮਾਜ (ਏ.ਡੀ.ਐਚ.ਐਸ.) ਵੱਲੋਂ ਸਿੱਖਿਆ ਪਰਵ ਦੇ ਤਹਿਤ ਆਪਣੀ ਵੋਟ ਅਤੇ ਪੈਸੇ ਦੀ ਸਹੀ ਵਰਤੋਂ ਕਿਵੇਂ ਕਰੀਏ ਵਿਸ਼ੇ 'ਤੇ ਇੱਕ ਮਹੱਤਵਪੂਰਨ ਸੈਮੀਨਾਰ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਇੰਜ: ਹਰਵਿੰਦਰਪਾਲ ਸਿੰਘ ਸ਼ਾਹਬਾਦ ਨੇ ਕਿਹਾ ਕਿ ਸੈਮੀਨਾਰ ਸਮਾਜ ਵਿੱਚ ਜਾਗਰੂਕਤਾ ਫੈਲਾਉਣ, ਸਿੱਖਿਆ ਨੂੰ ਪ੍ਰੋਤਸਾਹਿਤ ਕਰਨ ਅਤੇ ਲੋਕਾਂ ਨੂੰ ਆਪਣੇ ਅਧਿਕਾਰਾਂ ਪ੍ਰਤੀ ਸਚੇਤ ਕਰਨ ਲਈ ਇੱਕ ਵੱਡਾ ਕਦਮ ਸਾਬਤ ਹੋਇਆ। ਇਸ ਮੌਕੇ 'ਤੇ ਵੱਖ-ਵੱਖ ਪ੍ਰਮੁੱਖ ਹਸਤੀਆਂ ਦੇ ਸੰਦੇਸ਼ਾਂ ਰਾਹੀਂ ਸ਼ਮੂਲੀਅਤ ਦਰਜ ਕਰਵਾਈ ਗਈ। ਕਾਂਗਰਸ ਹਾਈਕਮਾਂਡ ਦੇ ਆਗੂਆਂ, ਕੌਮੀ ਚੇਅਰਮੈਨ (ਐਸ.ਸੀ. ਵਿੰਗ) ਰਾਜਿੰਦਰ ਗੌਤਮ, ਰਾਜ ਸਭਾ ਮੈਂਬਰ ਕਰਮਵੀਰ ਸਿੰਘ ਅਤੇ ਡਾਕਟਰ ਰਾਜ ਕੁਮਾਰ ਵਰਕਾ ਦੇ ਸੰਦੇਸ਼ਾਂ ਨੂੰ ਸਾਂਝਾ ਕੀਤਾ ਗਿਆ, ਜਿਸ ਰਾਹੀਂ ਸਮਾਜਿਕ ਅਤੇ ਰਾਜਨੀਤਿਕ ਸਚੇਤਤਾ 'ਤੇ ਜ਼ੋਰ ਦਿੱਤਾ ਗਿਆ। ਵਕਤਾਵਾਂ ਨੇ ਲੋਕਾਂ ਨੂੰ ਆਪਣੇ ਵੋਟ ਦੇ ਅਧਿਕਾਰ ਦੀ ਮਹੱਤਤਾ ਸਮਝਾਉਂਦੇ ਹੋਏ ਕਿਹਾ ਕਿ ਜਾਗਰੂਕ ਵੋਟਰ ਹੀ ਦੇਸ਼ ਦੀ ਤਰੱਕੀ ਦਾ ਆਧਾਰ ਹੁੰਦੇ ਹਨ। ਇਸਦੇ ਨਾਲ ਹੀ ਪੈਸੇ ਦੀ ਸਹੀ ਵਰਤੋਂ ਬਾਰੇ ਵੀ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ ਤਾਂ ਜੋ ਲੋਕ ਆਰਥਿਕ ਤੌਰ 'ਤੇ ਮਜ਼ਬੂਤ ਬਣ ਸਕਣ। ਇਹ ਸੈਮੀਨਾਰ ਸਮਾਜ ਵਿੱਚ ਸਿੱਖਿਆ ਅਤੇ ਜਾਗਰੂਕਤਾ ਵਧਾਉਣ ਵੱਲ ਇੱਕ ਪ੍ਰੇਰਣਾਦਾਇਕ ਯਤਨ ਵਜੋਂ ਸਾਹਮਣੇ ਆਇਆ, ਜਿਸਦੀ ਹਰ ਪਾਸੇ ਪ੍ਰਸ਼ੰਸਾ ਕੀਤੀ ਜਾ ਰਹੀ ਹੈ।



# ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਨੇ ਦਾਣਾ ਮੰਡੀ ਸ੍ਰੀ ਹਰਗੋਬਿੰਦਪੁਰ ਸਾਹਿਬ ਦਾ ਦੌਰਾ ਕਰਕੇ ਖਰੀਦ ਪ੍ਰਬੰਧਾਂ ਦਾ ਲਿਆ ਜਾਇਜ਼ਾ

ਸ੍ਰੀ ਹਰਗੋਬਿੰਦਪੁਰ ਸਾਹਿਬ, 21 ਅਪ੍ਰੈਲ ( ਸੁੱਖ ਅੰਮ੍ਰਿਤ ਘੁਮਾਣ/ ਡਾਕਟਰ ਸਰਬਜੀਤ ਭਿੰਡਰ ) ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਨੇ ਦਾਣਾ ਮੰਡੀ ਸ੍ਰੀ ਹਰਗੋਬਿੰਦਪੁਰ ਸਾਹਿਬ ਦਾਣਾ ਮੰਡੀ ਦਾ ਦੌਰਾ ਕਰਕੇ ਖਰੀਦ ਤੇ ਚੁਕਾਈ ਪ੍ਰਬੰਧਾਂ ਦਾ ਲਿਆ ਜਾਇਜ਼ਾ। ਇਸ



ਮੌਕੇ ਉਨਾਂ ਆੜ੍ਹਤੀਆਂ ਤੇ ਕਿਸਾਨਾਂ ਨਾਲ ਗੱਲ ਕਰਕੇ ਖਰੀਦ ਪ੍ਰਬੰਧਾਂ ਦੀ ਜਾਣਕਾਰੀ ਹਾਸਿਲ ਕੀਤੀ।ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਕਣਕ ਦੀ ਖਰੀਦ ਲਈ ਅਨਾਜ ਮੰਡੀਆਂ ਵਿੱਚ ਪੁਖਤਾ ਪ੍ਰਬੰਧ ਕੀਤੇ ਗਏ ਹਨ ਅਤੇ ਕਿਸਾਨਾਂ ਦੀ ਫਸਲ ਦਾ ਦਾਣਾ-ਦਾਣਾ ਖਰੀਦਿਆ ਜਾ ਰਿਹਾ ਹੈ ਤੇ ਨਾਲ ਦੀ ਨਾਲ ਫਸਲ ਦੀ ਚੁਕਾਈ ਵੀ ਨਿਰਵਿਘਨ ਚੱਲ ਰਹੀ ਹੈ। ਉਨਾ ਕਿਹਾ ਮੰਡੀਆਂ ਵਿੱਚ ਕਿਸਾਨਾਂ ਲਈ ਪੀਣ ਵਾਲੇ ਪਾਣੀ, ਲਾਈਟਾਂ ਅਤੇ ਬੈਠਨ ਲਈ ਜਗ੍ਹਾ ਦਾ ਖਾਸ ਪ੍ਰਬੰਧ ਕੀਤਾ ਗਿਆ ਹੈ, ਤਾਂ ਜੋ ਮੰਡੀ ਵਿੱਚ ਫਸਲ ਵੇਚਣ ਆਏ ਕਿਸਾਨਾਂ ਨੂੰ ਕਿਸੇ ਪ੍ਰਕਾਰ ਦੀ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ। ਉਨਾਂ ਦੱਸਿਆ ਕਿ ਮੰਡੀ ਵਿੱਚ ਕਣਕ ਦੀ ਖਰੀਦ, ਚੁਕਾਈ ਤੇ ਅਦਾਇਗੀ ਪ੍ਰਕਿਰਿਆ ਸੁਚਾਰੂ ਢੰਗ ਨਾਲ ਚੱਲ ਰਹੀ ਹੈ। ਉਨਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਮੰਡੀਆਂ ਵਿੱਚ ਫਸਲ ਪੂਰੀ ਤਰ੍ਹਾਂ ਸੁਕਾ ਕੇ ਲਿਆਂਦੀ ਜਾਵੇ, ਤਾਂ ਜੋ ਫਸਲ ਦੀ ਖਰੀਦ ਵਿੱਚ ਕੋਈ ਮੁਸ਼ਕਿਲ ਨਾ ਆਵੇ। ਉਨਾਂ ਕਿਹਾ ਕਿ ਕਣਕਾਂ ਦੀ ਕਟਾਈ ਕੰਬਾਇਨਾਂ ਰਾਹੀਂ ਨਿਰਧਾਰਿਤ ਸਮੇਂ ਅੰਦਰ ਹੀ ਕਰਵਾਈ ਜਾਵੇ ਅਤੇ ਰਾਤ ਸਮੇਂ ਕਣਕ ਦੀ ਕਟਵਾਈ ਬਿਲਕੁਲ ਨਾ ਕੀਤੀ ਜਾਵੇ, ਕਿਉਂਕਿ ਇਸ ਨਾਲ ਫਸਲ ਵਿੱਚ ਨਮੀ ਦੀ ਮਾਤਰਾ ਵੱਧ ਜਾਂਦੀ ਹੈ ਤੇ ਨਮੀ ਤੋਂ ਵੱਧ ਵਾਲੀ ਫਸਲ ਖਰੀਦਣ ਵਿੱਚ ਖਰੀਦ ਏਜੰਸੀਆਂ ਨੂੰ ਮੁਸ਼ਕਿਲ ਪੇਸ਼ ਹੁੰਦੀ ਹੈ।

# ਸਵੈ-ਰੋਜ਼ਗਾਰ ਤੇ ਪਲੇਸਮੈਂਟ ਕੈਂਪ 22 ਨੂੰ

ਤਰਨ ਤਾਰਨ 21 ਅਪ੍ਰੈਲ (ਪੁਸ਼ਪਿੰਦਰ ਬੰਟੀ ਗੁਰਵਿੰਦਰ ਸਿੰਘ) ਬੇਰੋਜ਼ਗਾਰ ਨੌਜਵਾਨ ਪ੍ਰਾਰਥੀਆਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਲਈ ਪੰਜਾਬ ਸਰਕਾਰ ਅਤੇ ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ ਦੇ ਦਿਸ਼ਾ-ਨਿਰਦੇਸ਼ਾਂ ਅਤੇ ਵਧੀਕ ਡਿਪਟੀ ਕਮਿਸ਼ਨਰ (ਪੇਡੂ ਵਿਕਾਸ) ਤਰਨ ਤਾਰਨ ਸੁਰਿੰਦਰ ਸਿੰਘ ਦੀ ਅਗਵਾਈ ਹੇਠ ਮਿਤੀ 22 ਅਪ੍ਰੈਲ 2026 ਨੂੰ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਤਰਨ ਤਾਰਨ, ਕਮਰਾ ਨੰਬਰ 115, ਪਹਿਲੀ ਮੰਜ਼ਿਲ, ਡੀ.ਸੀ ਦਫਤਰ ਕੰਪਲੈਕਸ, ਸਰਹਾਲੀ ਰੋਡ (ਪਿੰਡ ਪਿੱਦੀ) ਤਰਨ ਤਾਰਨ ਵਿਖੇ ਪਲੇਸਮੈਂਟ ਕੈਂਪ ਅਤੇ ਸਵੈ-ਰੋਜ਼ਗਾਰ ਕੈਂਪ ਲਗਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਰੋਜ਼ਗਾਰ ਉਤਪੱਤੀ ਹੁਨਰ ਵਿਕਾਸ ਅਤੇ ਸਿਖਲਾਈ ਅਫਸਰ, ਤਰਨ ਤਾਰਨ ਵਿਕਰਮ ਜੀਤ ਨੇ ਦੱਸਿਆ ਕਿ ਪਲੇਸਮੈਂਟ ਕੈਂਪ ਵਿਚ ਐਸ.ਬੀ.ਆਈ ਲਾਈਫ ਇੰਸ਼ੋਰੈਂਸ ਕੰਪਨੀ ਅਤੇ ਜ਼ਿਲ੍ਹਾ ਮੈਨੇਜਰ ਸੇਵਾ ਕੇਂਦਰ ਭਾਗ ਲੈ ਰਹੇ ਹਨ।

# ਸਹਾਇਕ ਕਮਿਸ਼ਨਰ ਫੂਡ ਡਾ. ਜੀ.ਐਸ ਪੰਨੂ ਵੱਲੋਂ ਰੇਹੜੀਆਂ ਅਤੇ ਫਾਸਟ ਫੂਡ ਵਾਲੀਆਂ ਦੁਕਾਨਾਂ ਦੀ ਚੈਕਿੰਗ

ਫ਼ਤਿਹਗੜ੍ਹ ਚੂੜੀਆਂ 20 ਅਪ੍ਰੈਲ (ਰਾਜਨ ਸ਼ਰਮਾ) : ਕਮਿਸ਼ਨਰ ਫੂਡ ਤੇ ਡਰੱਗ ਪੰਜਾਬ ਅਤੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਹਾਇਕ ਕਮਿਸ਼ਨਰ ਫੂਡ ਡਾ. ਜੀ.ਐਸ ਪੰਨੂ ਵੱਲੋਂ ਫੂਡ ਸੇਫਟੀ ਅਫ਼ਸਰ ਸਿਮਰਤ ਕੌਰ ਸਮੇਤ ਫ਼ਤਿਹਗੜ੍ਹ ਚੂੜੀਆਂ ਦੇ ਵੱਖ-ਵੱਖ ਬਜ਼ਾਰਾਂ ਵਿੱਚ ਖਾਣ ਪੀਣ ਵਾਲੀਆਂ ਦੁਕਾਨਾਂ ਅਤੇ ਰੇਹੜੀਆਂ ਦੀ ਚੈਕਿੰਗ ਕਰਕੇ ਉਹਨਾਂ ਦੇ ਸੈਂਪਲ ਭਰੇ ਗਏ। ਇਸ ਮੌਕੇ ਉਹਨਾਂ ਨੇ ਰੇਹੜੀਆਂ ਅਤੇ ਦੁਕਾਨਾਂ ਤੇ ਫਾਸਟ ਫੂਡ ਵੇਚਣ ਵਾਲੇ ਦੁਕਾਨਦਾਰਾਂ ਨੂੰ ਸਖਤੀ ਨਾਲ ਹਦਾਇਤ ਕੀਤੀ ਕਿ ਉਹ ਲੋਕਾਂ ਦੀ ਸਿਹਤ ਨਾਲ ਖਿਲਵਾੜ ਨਾ ਕਰਨ ਅਤੇ ਆਪਣੇ ਫੂਡ ਸੇਫਟੀ ਸਟੈਂਡਰਡ ਸਰਟੀਫਿਕੇਟ ਪਹਿਲ ਦੇ ਅਧਾਰ ਤੇ ਬਣਵਾਉਣ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਸਾਫ਼ ਸੁਥਰਾ ਸਮਾਨ ਵੇਚਿਆ ਜਾਵੇ ਅਤੇ ਖਾਣ ਪੀਣ ਵਾਲੀਆਂ ਚੀਜ਼ਾਂ ਨੂੰ ਢੱਕ ਕੇ ਰੱਖਿਆ ਜਾਵੇ। ਉਹਨਾਂ ਨੇ ਫੂਡ ਸੇਫਟੀ ਵਿਭਾਗ ਵੱਲੋਂ ਚਲਾਈ ਜਾ ਰਹੀ ਵੈਨ ਰਾਹੀਂ ਲੋਕਾਂ ਨੂੰ ਜਾਗਰੂਕ ਕਰਕੇ ਦਸਤਾਨੇ ਅਤੇ ਸਿਰ ਤੇ ਪਾਉਣ ਵਾਲੀਆਂ ਟੋਪੀਆਂ ਵੀ ਵੰਡੀਆਂ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾ. ਜੀ.ਐਸ ਪੰਨੂ ਨੇ ਕਿਹਾ ਕਿ ਅੱਜ ਕੱਲ੍ਹ ਲੋਕਾਂ ਵਿੱਚ ਖਾਣ ਪੀਣ ਦਾ ਰੁਝਾਨ ਬਹੁਤ ਜ਼ਿਆਦਾ ਵੱਧ ਚੁੱਕਿਆ ਹੈ, ਜਿਸ ਨੂੰ ਵੇਖਦਿਆਂ ਫੂਡ ਅਤੇ ਡਰੱਗ ਵਿਭਾਗ ਵੱਲੋਂ ਸਮੇਂ-ਸਮੇਂ ਦੁਕਾਨਾਂ ਦੀ ਚੈਕਿੰਗ ਕਰਕੇ ਲੋੜੀਂਦੇ ਸੈਂਪਲ ਭਰੇ ਜਾਂਦੇ ਹਨ ਤਾਂ ਜੋ ਕਿਸੇ ਦੀ ਸਿਹਤ ਦਾ ਨੁਕਸਾਨ ਨਾ ਹੋ ਸਕੇ। ਉਹਨਾਂ ਕਿਹਾ ਕਿ ਉਹ ਚੈਕਿੰਗ ਦੇ ਨਾਲ-ਨਾਲ ਰੇਹੜੀਆਂ ਅਤੇ ਦੁਕਾਨਾਂ ਤੇ ਸਮਾਨ ਵੇਚਣ ਵਾਲੇ ਵਿਅਕਤੀਆਂ ਨੂੰ ਸਾਫ਼-ਸਫ਼ਾਈ, ਹੱਥ, ਸਿਰ ਢੱਕ ਕੇ ਸਮਾਨ ਵੇਚਣ ਲਈ ਵੀ ਹਦਾਇਤਾਂ ਕਰ ਰਹੇ ਹਨ। ਪੰਨੂ ਨੇ ਕਿਹਾ ਕਿ ਉਹਨਾਂ ਦੀ ਇਹ ਮੁਹਿੰਮ ਅੱਗੇ ਵੀ ਜਾਰੀ ਰਹੇਗੀ। ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਆਪਣੀ ਸਿਹਤ ਨੂੰ ਧਿਆਨ ਵਿੱਚ ਰੱਖਦਿਆਂ ਸਾਫ਼-ਸੁਥਰੀਆਂ ਚੀਜ਼ਾਂ ਹੀ ਵਰਤਣ ਅਤੇ ਬੱਚਿਆਂ ਨੂੰ ਸਾਫ਼-ਸੁਥਰਾ ਖਾਣਾ ਹੀ ਖਵਾਇਆ ਜਾਵੇ।



